


The Punjabi Newspaper
ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar




Vol: 12 No: 271 Website : www.punjabiakhbaar.ca Email: editor@punjabiakhbaar.ca Friday, 4 July 2025

# ਪੰਜਾਬੀ ਪਰਿਵਾਰ ਦੇ ਘਰ 'ਚ ਅੱਗ ਲੱਗੀ, 9 ਸਾਲਾ ਬੱਚੀ ਸਮੇਤ 2 ਮੌਤਾਂ, 2 ਜ਼ਖਮੀਂ ਹੋਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਪੰਜਾਬੀਆਂ ਦੀ ਵੱਡੀ ਵਸੋਂ ਵਾਲੇ ਇਲਾਕੇ ਨੌਰਥ ਈਸਟ ਵਿੱਚ ਟੈਰਾਡੇਲ ਕਮਿਊਨਿਟੀ ਦੇ ਇੱਕ ਘਰ ਵਿੱਚ ਲੱਗੀ ਅੱਗ ਕਾਰਨ ਇੱਕ ਨੌ ਸਾਲ ਦੀ ਬੱਚੀ ਸਮੇਤ ਦੋ ਜਣਿਆਂ ਦੀ ਮੌਤ ਹੋਈ ਹੈ ਜਦੋਂ ਕਿ ਦੋ ਜਣੇ ਇਸ ਅੱਗ ਕਾਰਨ ਬੁਰੀ ਤਰ੍ਹਾਂ ਝੁਲਸੇ ਗਏ ਹਨ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਲਗਰੀ ਫਾਇਰ ਡਿਪਾਰਟਮੈਂਟ ਨੂੰ ਟੈਰਾਲੇਕ ਵੇਅ ਨੌਰਥ ਈਸਟ ਦੇ ਘਰ ਵਿੱਚ ਉਸ ਰਾਤੀ ਡੇਢ ਵਜੇ ਦੇ ਕਰੀਬ ਅੱਗ ਲੱਗਣ ਦੀ ਸੂਚਨਾ ਮਿਲੀ ਸੀ ਅਤੇ ਜਦੋਂ ਫਾਇਰ ਫਾਈਟਰ ਮੌਕੇ ਤੇ ਪਹੁੰਚੇ ਤਾਂ ਘਰ ਦੀ ਪਹਿਲੀ ਅਤੇ ਦੂਜੀ ਮੰਜ਼ਿਲ ਵਿੱਚੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ ਅਤੇ ਇਸ ਅੱਗ ਕਾਰਨ ਨੇੜਲੇ ਘਰਾਂ ਨੂੰ ਵੀ ਖਤਰਾ ਪੈਦਾ ਹੋ ਰਿਹਾ ਸੀ। ਜਿਸ ਵਕਤ ਇਸ ਘਰ ਵਿੱਚ ਅੱਗ ਲੱਗੀ ਤਾਂ ਘਰ ਦੇ ਵਿੱਚ ਕੁੱਲ ਛੇ ਲੋਕ ਮੌਜੂਦ ਸਨ। ਜਦੋਂ ਫਾਇਰ ਫਾਈਟਰ ਅੱਗ ਉੱਪਰ ਕਾਬੂ ਪਾ ਕੇ ਅੰਦਰ ਪਹੁੰਚੇ ਤਾਂ ਇੱਕ 50 ਸਾਲਾ ਵਿਅਕਤੀ ਦੀ ਲਾਸ਼ ਮਿਲੀ ਜਦੋਂ ਕਿ ਇੱਕ ਨੌ ਸਾਲਾ ਬੱਚੀ ਨੂੰ ਗੰਭੀਰ ਹਾਲਤ ਵਿੱਚ ਚਿਲਡਰਨ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਉਸ ਨੂੰ ਵੀ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਤੋਂ ਇਲਾਵਾ ਘਰ ਦੀ ਦੂਜੀ ਮੰਜ਼ਿਲ ਤੇ ਇੱਕ ਬਾਲਗ ਤੇ ਇੱਕ ਟੀਨਏਜਰ ਖਿੜਕੀ ਤੋੜ ਕੇ ਘਰ ਦੀ ਛੱਤ ਤੱਕ ਪਹੁੰਚਣ ਵਿੱਚ ਕਾਮਯਾਬ ਰਹੇ ਜਿੱਥੋਂ ਫਾਇਰ ਫਾਈਟਰਸ ਨੇ ਉਹਨਾਂ ਨੂੰ ਬਚਾ ਲਿਆ ਅਤੇ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਜਿਥੇ ਉਨ੍ਹਾਂ ਹਾਲਤ ਗੰਭੀਰ ਤਾਂ ਹੈ ਪਰ ਜਾਨ ਨੂੰ ਕੋਈ ਖ਼ਤਰਾ ਨਹੀਂ ਹੈ। ਇਸ ਤੋਂ ਇਲਾਵਾ ਘਰ ਦੀ ਬੇਸਮੈਂਟ ਵਿੱਚ ਵੀ ਦੋ ਜਣੇ ਮੌਜੂਦ ਸਨ ਅਤੇ ਉਹਨਾਂ ਨੂੰ ਜਦੋਂ ਧੂੰਆਂ ਫੈਲਣ ਦਾ ਅਹਿਸਾਸ ਹੋਇਆ ਤਾਂ ਉਹ ਦੋਵੇਂ ਜਲਦੀ ਨਾਲ ਬਾਹਰ ਨਿਕਲ ਆਏ ਸਨ ਜਾਂਚ ਕਰਤਾਵਾਂ ਵੱਲੋਂ ਹੁਣ ਘਰ ਵਿੱਚ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬੀ ਮੂਲ ਦੇ ਇਸ ਅੱਗਜਨੀ ਘਟਨਾ ਵਿੱਚ ਮ੍ਰਿਤਕਾਂ ਦੀ ਪਛਾਣ 9 ਸਾਲ ਦੀ ਬੱਚੀ ਹਰਗੁਣ ਗਿੱਲ ਅਤੇ ਉਸਦੇ ਪਿਤਾ ਸੰਨੀ ਗਿੱਲ ਉਮਰ 50 ਸਾਲ ਵੱਜੋਂ ਹੋਈ ਹੈ। ਇਸ ਮੰਦਭਾਗੀ ਗਟਨਾ ਕਾਰਣ ਪੰਜਾਬੀ ਭਾਈਚਾਰੇ ਅੰਦਰ ਅਫਸੋਸ ਦੀ ਲਹਿਰ ਹੈ।

# ਦਿਲਜੀਤ ਦੋਸਾਂਝ ਦੇ ਹੱਕ 'ਚ ਆਏ ਨਸੀਰੂਦੀਨ ਸ਼ਾਹ



ਮੁੰਬਈ (ਪੰਜਾਬੀ ਅਖਬਾਰ ਬਿਊਰੋ)-ਦਿਲਜੀਤ ਦੋਸਾਂਝ ਆਪਣੀ ਫਿਲਮ 'ਸਰਦਾਰ ਜੀ 3' ਵਿਚ ਪਾਕਿਸਤਾਨੀ ਆਰਟਿਸਟ ਹਾਨੀਆ ਆਮਿਰ ਨਾਲ ਕੰਮ ਕਰਨ ਨੂੰ ਲੈ ਕੇ ਵਿਵਾਦ ਵਿਚ ਘਿਰ ਗਿਆ ਹੈ। ਇਸ ਸਭ ਦੇ ਦਰਮਿਆਨ ਉੱਘੇ ਅਦਾਕਾਰ ਨਸੀਰੂਦੀਨ ਸ਼ਾਹ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਦੇ ਸਮਰਥਨ ਵਿਚ ਆ ਗਏ ਹਨ। ਭਾਰਤ ਅਤੇ ਪਾਕਿਸਤਾਨ ਦਰਮਿਆਨ ਚੱਲ ਰਹੇ ਤਣਾਅ ਵਿਚਕਾਰ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਨਾਲ ਕੰਮ ਕਰਨ 'ਤੇ ਦਿਲਜੀਤ ਨੂੰ ਸੋਸ਼ਲ ਮੀਡੀਆ ਤੇ ਹੋਰਾਂ ਦਾ ਵਿਰੋਧ ਸਹਿਣਾ ਪੈ ਰਿਹਾ ਹੈ। ਹਾਲਾਂਕਿ, ਇਸ ਸਭ ਦੇ ਦਰਮਿਆਨ ਨਸੀਰੂਦੀਨ ਸ਼ਾਹ ਨੇ ਹੁਣ ਦਿਲਜੀਤ ਲਈ ਆਪਣਾ ਸਮਰਥਨ ਜ਼ਾਹਰ ਕਰਦਿਆਂ ਸਪਸ਼ਟ ਕੀਤਾ ਹੈ ਕਿ ਦਿਲਜੀਤ ਫਿਲਮ ਦੀ ਕਾਸਟਿੰਗ ਲਈ ਜ਼ਿੰਮੇਵਾਰ ਨਹੀਂ ਸੀ। ਨਸੀਰੂਦੀਨ ਨੇ ਲਿਖਿਆ, 'ਮੈਂ ਦਿਲਜੀਤ ਨਾਲ ਡਟ ਕੇ ਖੜ੍ਹਾ ਹਾਂ। ਜੁਮਲਾ ਪਾਰਟੀ ਉਸ ਨੂੰ ਨਿਸ਼ਾਨਾ ਬਣਾਉਣ ਲਈ ਮੌਕੇ ਦਾ ਇੰਤਜ਼ਾਰ ਕਰ ਰਹੀ ਸੀ। ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਆਖ਼ਰਕਾਰ ਇਹ ਮੌਕਾ ਮਿਲ ਗਿਆ ਹੈ। ਫਿਲਮ ਦੀ ਕਾਸਟਿੰਗ ਲਈ ਉਹ ਜ਼ਿੰਮੇਵਾਰ ਨਹੀਂ ਸੀ, ਇਸ ਲਈ ਨਿਰਦੇਸ਼ਕ ਜ਼ਿੰਮੇਵਾਰ ਸੀ।

**ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨ ਲੋਡ ਕਰੋ** Android app
https://play.google.com/store/apps/details?id=com.mehramedia.punjabiakhbaar
**ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ**
iPhone App
https://apps.apple.com/in/app/punjabi-akhbaar/id1559030797

# ਸਿਆਸੀ ਓਹਲਾ: ਮੌਜਾਂ ਦੇ ਗਿਆ ਉੱਡਣ ਖਟੋਲਾ..!

## ਚੋਣਾਂ ਮੌਕੇ ਬਾਦਲ ਤੇ ਮਜੀਠੀਆ ਪਰਿਵਾਰ ਦੇ ਹੈਲੀਕਾਪਟਰਾਂ ਦੀ ਪੈਂਦੀ ਸੀ ਗੂੰਜ

ਸ਼੍ਰੋਮਣੀ ਅਕਾਲੀ ਦਲ ਪੰਜਾਬ 'ਚ ਚੋਣਾਂ ਦੇ ਪ੍ਰਚਾਰ ਮੌਕੇ ਬਾਦਲ ਤੇ ਮਜੀਠੀਆ ਪਰਿਵਾਰ ਦੇ ਹੈਲੀਕਾਪਟਰ ਵਰਤਦਾ ਰਿਹਾ ਹੈ। ਲੋਕ ਸਭਾ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਮੌਕੇ ਬਾਦਲ ਪਰਿਵਾਰ ਦੀ ਔਰਬਿਟ ਏਵੀਏਸ਼ਨ ਪ੍ਰਾਈਵੇਟ ਲਿਮਟਿਡ ਅਤੇ ਸਰਾਇਆ ਏਵੀਏਸ਼ਨ ਪ੍ਰਾਈਵੇਟ ਕੰਪਨੀ ਦੇ ਹੈਲੀਕਾਪਟਰਾਂ ਦੀ ਗੂੰਜ ਪੈਂਦੀ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਹੈਲੀਕਾਪਟਰਾਂ 'ਚ ਚੋਣ ਪ੍ਰਚਾਰ ਲਈ ਸਫ਼ਰ ਵੀ ਸਿਰਫ਼ ਬਾਦਲ ਤੇ ਮਜੀਠੀਆ ਪਰਿਵਾਰ ਨੇ ਹੀ ਕੀਤਾ। ਸ਼ ?ਰੋਮਣੀ ਅਕਾਲੀ ਦਲ ਦਾ ਕੋਈ ਅਜਿਹਾ ਦੂਸਰਾ ਸਟਾਰ ਪ੍ਰਚਾਰਕ ਨਹੀਂ ਸੀ ਜਿਸ ਨੂੰ ਚੋਣ ਪ੍ਰਚਾਰ ਲਈ ਹੈਲੀਕਾਪਟਰ 'ਚ ਬੈਠਣ ਦਾ ਮੌਕਾ ਮਿਲਿਆ ਹੋਵੇ। ਹੁਣ ਵਿਜੀਲੈਂਸ ਬਿਊਰੋ ਵੱਲੋਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਮਜੀਠੀਆ ਪਰਿਵਾਰ ਦੀਆਂ ਕੰਪਨੀਆਂ ਦੀ ਜਾਂਚ ਕੀਤੀ ਜਾ ਰਹੀ ਹੈ ਜਿਸ 'ਚ ਸਰਾਇਆ ਇੰਡਸਟਰੀਜ਼ ਵੀ ਸ਼ਾਮਲ ਹੈ। ਬੇਸ਼ੱਕ ਸਰਾਇਆ ਏਵੀਏਸ਼ਨ ਪ੍ਰਾਈਵੇਟ ਲਿਮਟਿਡ ਦਾ ਕਿਧਰੇ ਕੋਈ ਜ਼ਿਕਰ ਨਹੀਂ ਆਇਆ ਹੈ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣਾਂ ਮੌਕੇ ਇਸ ਕੰਪਨੀ ਦੇ ਹੈਲੀਕਾਪਟਰ ਕਿਰਾਏ 'ਤੇ ਲਏ ਗਏ ਸਨ। ਸ਼ ?ਰੋਮਣੀ ਅਕਾਲੀ ਦਲ ਵੱਲੋਂ ਸਾਲ 2017-18 ਦੇ ਆਡਿਟ ਅਤੇ ਚੋਣ ਖ਼ਰਚੇ ਦੇ ਦਸਤਾਵੇਜ਼ ਭਾਰਤੀ ਚੋਣ ਕਮਿਸ਼ਨ ਕੋਲ ਜਮ੍ਹਾਂ ਕਰਵਾਏ ਗਏ ਹਨ, ਉਨ੍ਹਾਂ ਅਨੁਸਾਰ ਔਰਬਿਟ ਏਵੀਏਸ਼ਨ ਨੂੰ 1.87 ਕਰੋੜ ਰੁਪਏ ਅਕਾਲੀ ਦਲ ਦੇ ਖ਼ਜ਼ਾਨੇ ਵਿਚੋਂ ਕਿਰਾਇਆ ਤਾਰਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਲ 2017 'ਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਔਰਬਿਟ ਏਵੀਏਸ਼ਨ ਦਾ ਹੈਲੀਕਾਪਟਰ ਕਿਰਾਏ 'ਤੇ ਲਿਆ ਗਿਆ ਸੀ। ਇਹ ਹੈਲੀਕਾਪਟਰ 6 ਜਨਵਰੀ 2017 ਤੋਂ 2 ਫਰਵਰੀ 2017 ਤੱਕ ਸ਼੍ਰੋਮਣੀ ਅਕਾਲੀ ਦਲ ਕੋਲ ਕਿਰਾਏ 'ਤੇ ਰਿਹਾ। ਇਸ ਸਮੇਂ ਦੌਰਾਨ ਔਰਬਿਟ ਦੇ ਹੈਲੀਕਾਪਟਰ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਦੇ 104 ਗੇੜੇ ਲਾਏ। ਔਰਬਿਟ ਦੇ ਹੈਲੀਕਾਪਟਰ ਵਿੱਚ ਸੱਤ ਗੇੜਿਆਂ ਮੌਕੇ ਪ੍ਰਕਾਸ਼ ਸਿੰਘ ਬਾਦਲ ਨੇ ਸਫ਼ਰ ਕੀਤਾ ਜਦੋਂ ਕਿ ਦਿੱਲੀ ਅਤੇ ਚੰਡੀਗੜ੍ਹ ਦੇ ਦੋ ਗੇੜਿਆਂ ਦਾ ਸਫ਼ਰ ਇਕੱਲੇ ਬਿਕਰਮ ਸਿੰਘ ਮਜੀਠੀਆ ਨੇ ਕੀਤਾ। ਇਸ ਵਿਚ ਹਰਸਿਮਰਤ ਕੌਰ ਬਾਦਲ ਨੇ ਇੱਕ ਵਾਰ ਸਫ਼ਰ ਕੀਤਾ।

ਇਨ੍ਹਾਂ ਚੋਣਾਂ ਦੇ ਪ੍ਰਚਾਰ ਦੌਰਾਨ ਬਾਕੀ 94 ਗੇੜਿਆਂ 'ਚ ਸੁਖਬੀਰ ਸਿੰਘ ਬਾਦਲ ਨੇ ਕਿਰਾਏ 'ਤੇ ਔਰਬਿਟ ਏਵੀਏਸ਼ਨ ਦਾ ਹੈਲੀਕਾਪਟਰ ਵਰਤਿਆ। ਇਨ੍ਹਾਂ ਕੁੱਲ 104 ਗੇੜਿਆਂ ਦਾ ਕਿਰਾਇਆ 1.37 ਕਰੋੜ ਸ਼੍ਰੋਮਣੀ ਅਕਾਲੀ ਦਲ ਨੇ ਤਾਰਿਆ ਸੀ। ਚੋਣ ਕਮਿਸ਼ਨ ਦੀ ਸੂਚਨਾ ਅਨੁਸਾਰ ਜਦੋਂ ਲੋਕ ਸਭਾ ਚੋਣਾਂ 2014 ਸਨ ਤਾਂ ਉਦੋਂ ਸ਼੍ਰੋਮਣੀ ਅਕਾਲੀ ਦਲ ਨੇ ਮਜੀਠੀਆ ਪਰਿਵਾਰ ਦੀ ਸਰਾਇਆ ਏਵੀਏਸ਼ਨ ਦਾ ਹੈਲੀਕਾਪਟਰ ਕਿਰਾਏ 'ਤੇ ਲਿਆ ਸੀ ਜਿਸ ਦਾ ਕਿਰਾਇਆ 41.10 ਲੱਖ ਰੁਪਏ ਤਾਰਿਆ ਗਿਆ। ਉਦੋਂ ਸਟਾਰ ਪ੍ਰਚਾਰਕ ਬਿਕਰਮ ਸਿੰਘ ਮਜੀਠੀਆ ਨੇ 13 ਮਾਰਚ 2014 ਨੂੰ ਆਪਣੇ ਹੀ ਪਰਿਵਾਰ ਦੀ ਕੰਪਨੀ ਸਰਾਇਆ ਏਵੀਏਸ਼ਨ ਦੇ ਹੈਲੀਕਾਪਟਰ 'ਤੇ ਦਿੱਲੀ ਤੋਂ ਅੰਮ੍ਰਿਤਸਰ ਲਈ ਸਫ਼ਰ ਕੀਤਾ ਜਿਸ ਦਾ ਕਿਰਾਇਆ ਸ਼੍ਰੋਮਣੀ ਅਕਾਲੀ ਦਲ ਨੇ 2.97 ਲੱਖ ਰੁਪਏ ਤਾਰਿਆ ਸੀ।




ਉਨ੍ਹਾਂ ਚੋਣਾਂ ਮੌਕੇ ਪੰਜ ਗੇੜਿਆਂ 'ਚ ਬਿਕਰਮ ਸਿੰਘ ਮਜੀਠੀਆ ਨੇ ਸਫ਼ਰ ਕੀਤਾ ਸੀ ਜਦੋਂ ਕਿ 24 ਮਾਰਚ 2014 ਨੂੰ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਇਕੱਠੇ ਸਫ਼ਰ ਕੀਤਾ ਸੀ। ਉਨ੍ਹਾਂ ਲੋਕ ਸਭਾ ਚੋਣਾਂ ਵਿੱਚ ਕੁੱਲ 137 ਗੇੜਿਆਂ ਦਾ ਕਿਰਾਇਆ ਸ਼੍ਰੋਮਣੀ ਅਕਾਲੀ ਦਲ ਨੇ 2.51 ਕਰੋੜ ਰੁਪਏ ਤਾਰਿਆ ਸੀ। ਇਕ ਹੱਥ ਬਾਦਲ ਪਰਿਵਾਰ ਨੇ ਦਾਨ ਦਿੱਤਾ, ਦੂਜੇ ਹੱਥ ਹੈਲੀਕਾਪਟਰ ਦਾ ਕਿਰਾਇਆ ਵੀ ਲਿਆ ਦਿਲਚਸਪ ਤੱਥ ਹਨ ਕਿ ਸਾਲ 2017-18 ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਔਰਬਿਟ ਕੰਪਨੀ ਨੇ 97 ਲੱਖ ਰੁਪਏ ਅਤੇ ਡੱਬਵਾਲੀ ਟਰਾਂਸਪੋਰਟ ਕੰਪਨੀ ਨੇ 94.50 ਲੱਖ ਰੁਪਏ ਦਾ ਦਾਨ ਦਿੱਤਾ। ਦੇਖਿਆ ਜਾਵੇ ਤਾਂ ਇੱਕ ਹੱਥ ਬਾਦਲ ਪਰਿਵਾਰ ਨੇ ਦਾਨ ਦਿੱਤਾ ਅਤੇ ਦੂਜੇ ਹੱਥ ਸ਼੍ਰੋਮਣੀ ਅਕਾਲੀ ਦਲ ਤੋਂ ਹੈਲੀਕਾਪਟਰ ਦਾ ਕਿਰਾਇਆ ਵੀ ਲਿਆ। ਬਹੁਤੇ ਮੌਕਿਆਂ 'ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਪ੍ਰਚਾਰ ਲਈ ਚੋਣ ਫ਼ੰਡ ਵੀ ਬਾਦਲ ਪਰਿਵਾਰ ਅਤੇ ਉਨ੍ਹਾਂ ਦੇ ਨੇੜਲਿਆਂ ਨੂੰ ਹੀ ਮਿਲਦਾ ਰਿਹਾ ਹੈ।

ਧੰਨਵਾਦ ਸਹਿਤ
ਚਰਨਜੀਤ ਭੁੱਲਰ





















# ਬੇੜੀਆਂ ਲੱਗੇ ਸੁਪਨੇ ਨਾਟਕ ਨੇ ਪੰਜਾਬੀਆਂ ਦੇ ਪਰਵਾਸ ਦੀ ਗਾਥਾ ਬਿਆਨ ਕੀਤੀ














ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ 14ਵਾਂ ਸੋਹਣ ਮਾਨ ਯਾਦਗਾਰੀ ਸਾਲਾਨਾ ਸੱਭਿਆਚਾਰਕ ਸਮਾਗਮ ਕਰਵਾਇਆ ਗਿਆ। ਸਮਾਗਮ ਦਾ ਉਦਘਾਟਨ ਮੋਮਬੱਤੀਆਂ ਜਗਾ ਕੇ ਕਾਲਖਾਂ ਤੇ ਹਨੇਰਿਆਂ ਨੂੰ ਚੀਰ ਕੇ ਚਾਨਣ ਬੰਡਣ ਦਾ ਸੁਨੇਹਾ ਦਿੱਤਾ ਗਿਆ। ਉਦਘਾਟਨ ਦੀ ਰਸਮ ਪ੍ਰਧਾਨ ਬੀਬੀ ਜਸਵਿੰਦਰ ਕੌਰ ਮਾਨ, ਵਿੱਤ ਸਕੱਤਰ ਕਮਲਪ੍ਰੀਤ ਪੰਧੇਰ, ਗੋਪਾਲ ਕਉਂਕੇ, ਨਵਕਿਰਨ ਢੁੱਡੀਕੇ, ਕਮਲ ਸਿੱਧੂ, ਕੁਸਮ ਸ਼ਰਮਾਂ, ਗੁਰਸ਼ਰਨ ਢੁੱਡੀਕੇ, ਹਰਕੀਰਤ ਧਾਲੀਵਾਲ, ਜਸਪਾਲ ਹੰਸਰਾ, ਹਰਕੇਸ਼ ਚੌਧਰੀ, ਰਿਸ਼ੀ ਨਾਗਰ, ਸੁਖਵੀਰ ਗਰੇਵਾਲ, ਹਰਚਰਨ ਪਰਹਾਰ ਆਦਿ ਨੇ ਅਦਾ ਕੀਤੀ ਅਤੇ ਸੋਹਣ ਮਾਨ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਸ ਉਪਰੰਤ ਕੈਲਗਰੀ ਦੇ ਛੋਟੇ ਛੋਟੇ ਪਿਆਰੇ ਪਿਆਰੇ ਬੱਚਿਆਂ ਨੇ ਕਮਲਪ੍ਰੀਤ ਪੰਧੇਰ ਦਾ ਲਿਖਿਆ ਤੇ ਨਿਰਦੇਸ਼ਿਤ ਨਾਟਕ "ਜੰਗਲ ਆਇਆ ਸ਼ਹਿਰ" ਪੇਸ਼ ਕੀਤਾ, ਨਾਟਕ ਆਪਣਾ ਸੰਦੇਸ਼ ਦੇਣ ਵਿੱਚ ਪੂਰੀ ਤਰ੍ਹਾਂ ਨਾਲ ਕਾਮਯਾਬ ਰਿਹਾ ਕਿ ਮਨੁੱਖ ਦੇ ਲਾਲਚ ਨੇ ਸਮਾਜ ਨੂੰ ਜੰਗਲ਼ ਬਣਾ ਲਿਆ ਹੈ। ਇੱਕ ਐਸਾ ਜੰਗਲ ਜਿਸ ਜੰਗਲ਼ ਵਿੱਚ ਇਨਸਾਨੀਅਤ ਮਰ ਰਹੀ ਹੈ। ਬੱਚਿਆਂ ਨੇ ਕਮਾਲ ਦੀ ਪੇਸ਼ਕਾਰੀ ਕੀਤੀ। ਨਾਟਕ ਤੋਂ ਤਰੁੰਤ ਬਾਅਦ ਕੈਲਗਰੀ ਦੀਆਂ ਧੀਆਂ ਜੋ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਪਰਿਵਾਰ ਨਾਲ ਵੀ ਜੁੜੀਆਂ ਹੋਈਆਂ ਹਨ, ਜਿਹਨਾਂ ਵਿੱਚ ਪ੍ਰਭਲੀਨ ਗਰੇਵਾਲ ਹਾਕੀ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟਣ ਕਰਕੇ ਅਤੇ ਜੁਸਲੀਨ ਸਿੱਧੂ, ਅਰਸ਼ਬੀਰ ਸਿੱਧੂ, ਸੁਖਮਨੀ ਸਿੱਧੂ ਨੂੰ ਰੈਸਲਿੰਗ ਦੇ ਖੇਤਰ ਵਿੱਚ ਨਾਮਣਾ ਖੱਟਣ ਕਰਕੇ ਸਨਮਾਨਿਤ ਕੀਤਾ ਗਿਆ। ਇਹਨਾਂ ਬੱਚੀਆਂ ਨੂੰ ਸਨਮਾਨਿਤ ਕਰਨ ਲਈ ਜਸਵਿੰਦਰ ਕੌਰ ਮਾਨ, ਗੁਰਦੀਪ ਕੌਰ ਪਰਹਾਰ, ਗੁਰਚਰਨ ਕੌਰ ਥਿੰਦ, ਨਵਕਿਰਨ ਢੁੱਡੀਕੇ, ਕਮਲਪ੍ਰੀਤ ਪੰਧੇਰ, ਕਮਲ ਗਰੇਵਾਲ ਨੇ ਭਾਗ ਲਿਆ।

ਸਮਾਗਮ ਅੱਗੇ ਵੱਧ ਰਿਹਾ ਸੀ ਪ੍ਰੋਗਰੈਸਿਵ ਕਲਾ ਮੰਚ ਦੇ ਕਲਾਕਾਰਾਂ ਨੇ ਕੋਰੀ-ਗ੍ਰਾਫੀ "ਗੁਆਂਢਣੇ" ਪੇਸ਼ ਕੀਤੀ। ਸਮਾਰਾਜੀ ਦੇਸ਼ ਨਿਹੱਕੀ ਜੰਗਾਂ ਲਾਉਂਦੇ ਹਨ। ਜਿਸ ਵਿੱਚ ਆਮ ਲੋਕਾਂ ਦੇ ਘਰ ਬਰਬਾਦ ਹੁੰਦੇ ਹਨ। ਆਮ ਲੋਕ



ਮਰਦੇ ਹਨ। ਇਹ ਨਿੱਹਕੀ ਜੰਗਾਂ ਬੰਦ ਹੋਣੀਆਂ ਚਾਹੀਦੀਆਂ ਹਨ। ਇਹ ਸੁਨੇਹਾ ਦੇਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਹੀ। ਇਸ ਕੋਰੀ-ਗ੍ਰਾਫੀ ਵਿੱਚ ਨਵਕਿਰਨ ਢੁੱਡੀਕੇ, ਹਰਪ੍ਰੀਤ ਕੌਰ, ਕਮਲ ਸਿੱਧੂ, ਸਫ਼ਲ ਸ਼ੇਰ ਨੇ ਕਮਾਲ ਦੀ ਐਕਟਿੰਗ ਨਾਲ ਸਭ ਦਾ ਮਨ ਮੋਹ ਲਿਆ। ਇਸ ਕੋਰੀ-ਗ੍ਰਾਫੀ ਦਾ ਨਿਰਦੇਸ਼ਨ ਹਰਕੇਸ਼ ਚੌਧਰੀ ਜੀ ਨੇ ਕੀਤਾ।

ਇਸ ਤੋਂ ਬਾਅਦ ਗ਼ਦਰੀ ਸ਼ਹੀਦ ਬੀਬੀ ਗੁਲਾਬ ਕੌਰ ਯਾਦਗਾਰੀ ਐਵਾਰਡ ਬੀਬੀ ਸੁਰਿੰਦਰ ਕੌਰ ਢੁੱਡੀਕੇ ਨੂੰ ਅਰਪਿਤ ਕੀਤਾ ਗਿਆ। ਬੀਬੀ ਸੁਰਿੰਦਰ ਕੌਰ ਢੁੱਡੀਕੇ ਦਾ ਸਮੁੱਚਾ ਜੀਵਨ ਲੋਕ ਲਹਿਰ ਨੂੰ ਸਮੱਰਪਿਤ ਰਿਹਾ ਹੈ। ਉਹ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਇਸਤਰੀ ਵਿੰਗ ਦੇ ਲੀਡਰ ਕਾਰਕੁੰਨ ਹਨ। ਉਹਨਾਂ ਨੂੰ ਸਨਮਾਨਿਤ ਕਰਨ ਦੀ ਰਸਮ ਜਸਵਿੰਦਰ ਕੌਰ ਮਾਨ, ਹਰਕੇਸ਼ ਚੌਧਰੀ ਪ੍ਰਧਾਨ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ। ਉੱਘੇ ਚਿੰਤਕ ਹਰਚਰਨ ਪਰਹਾਰ, ਰਿਸ਼ੀ ਨਾਗਰ ਹੋਸਟ ਰੈੱਡ।ਐੱਫ।ਐਮ।ਰੇਡੀ-, ਸੁਖਵੀਰ ਗਰੇਵਾਲ, ਕਮਲਪ੍ਰੀਤ ਪੰਧੇਰ, ਡਾਕਟਰ ਐਸ ਐਸ ਥਿੰਦ ਅਤੇ ਸ਼ਤੀਸ਼ ਸੱਚਦੇਵਾ ਐਡਮਿੰਟਨ ਨੇ ਨਿਭਾਈ। ਇਸਦੇ ਨਾਲ ਹੀ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵੱਲੋਂ ਸ੍ਰੀ ਰਿਸ਼ੀ ਨਾਗਰ ਜੀ ਨੂੰ ਆਪਣੀ ਮਾਤਾ ਜੀ ਦੀ ਯਾਦ ਵਿੱਚ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਨੂੰ ਆਰਥਿਕ ਸਹਿਯੋਗ ਦੇਣ ਕਰਕੇ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਜਸਵੰਤ ਜੀਰਖ ਜੀ ਦੀ ਕਿਤਾਬ "ਮੌਜੂਦਾ ਸਮੇਂ ਦਾ ਸੱਚ" ਇਸ ਪੁਸਤਕ ਦੀ ਘੁੰਡ ਚੁਕਾਈ ਦੀ ਰਸਮ ਵੀ ਅਦਾ ਕੀਤੀ ਗਈ। ਪੁਸਤਕ ਰੀਲੀਜ਼ ਦੀ ਰਸਮ ਉੱਘੇ ਵਕੀਲ ਤਰਨਜੀਤ ਔਜਲਾ, ਗੁਰਨਾਮ ਸਿੰਘ ਮਾਨ, ਨਵਤੇਜ ਸਿੰਘ, ਮਾਸਟਰ ਜਗਮੀਤ ਪੰਧੇਰ, ਕਮਲਪ੍ਰੀਤ ਪੰਧੇਰ ਆਦਿ ਨੇ ਅਦਾ ਕੀਤੀ।

ਪ੍ਰੋਗਰਾਮ ਦੇ ਸਿਖਰ ਤੇ ਇਸ ਸਮਾਗਮ ਦਾ ਪ੍ਰਮੁੱਖ ਨਾਟਕ "ਬੇੜੀਆਂ ਲੱਗੇ ਸੁਪਨੇ" ਪੇਸ਼ ਕੀਤਾ ਗਿਆ। ਨਾਟਕ ਨੂੰ ਲਿਖਣ ਤੇ ਨਿਰਦੇਸ਼ਿਤ ਕਰਨ ਦੀ ਜ਼ਿੰਮੇਵਾਰੀ ਸ੍ਰੀ ਹਰਕੇਸ਼ ਚੌਧਰੀ ਜੀ ਨੇ ਨਿਭਾਈ। ਨਾਟਕ ਨੇ ਡੰਕੀ ਲਗਾ ਕੇ ਵਿਦੇਸ਼ ਵਿੱਚ ਵੱਸਣ ਦੇ ਸੁਪਨੇ ਲੈਕੇ ਜਾਂਦੇ ਨੌਜਵਾਨਾਂ ਦੇ ਜੀਵਨ ਨਾਲ ਹੋ ਰਹੇ ਖਿਲਵਾੜ ਦੀ ਕਹਾਣੀ ਨੂੰ ਬੜੇ ਹੀ ਭਾਵੁਕ ਅੰਦਾਜ਼ ਵਿੱਚ ਪੇਸ਼ ਕੀਤਾ। ਦਰਸ਼ਕਾਂ ਨੇ ਨਾਟਕ ਨੂੰ ਬੇਹੱਦ ਪਿਆਰ ਦਿੱਤਾ। ਨਾਟਕ ਦੀ ਪੇਸ਼ਕਾਰੀ ਮੌਕੇ ਦਰਸ਼ਕਾਂ ਨੇ ਸੂਖਮਭਾਵੀ ਅੰਦਾਜ਼ ਦਾ ਪ੍ਰਗਟਾਵਾ ਕੀਤਾ। ਨਾਟਕ ਵਿੱਚ ਅੰਮ੍ਰਿਤ ਪਾਲ, ਦਿਲਪ੍ਰੀਤ ਸਿੰਘ, ਅਮਰਜੀਤ ਗਿੱਲ, ਕਮਲ ਸਿੱਧੂ, ਵਿਜੈ ਸੱਚਦੇਵਾ, ਕਰਨਵੀਰ ਮੁੱਲਾਂਪੁਰ, ਅਮਰਵੀਰ ਕੌਰ, ਹਰਪ੍ਰੀਤ ਕੌਰ, ਗੁਨੀਵ ਗਿੱਲ, ਗੁਰਸ਼ਰਨ ਰਤਨ, ਸੁਖਮਨੀ ਸਿੱਧੂ ਆਦਿ ਨੇ ਬਹੁਤ ਹੀ ਭਾਵਨਾਤਮਿਕ ਅਦਾਕਾਰੀ ਦੇ ਨਾਲ ਦਰਸ਼ਕਾਂ ਨੂੰ ਕੀਲ ਲਿਆ।

ਨਾਟਕ ਟੀਮ ਦਾ ਸਨਮਾਨ ਗੁਰਦਿਆਲ ਸਿੰਘ ਖਹਿਰਾ, ਜਰਨੈਲ ਤੱਗੜ, ਰਿਸ਼ੀ ਨਾਗਰ, ਹਰਚਰਨ ਪਰਹਾਰ, ਕਮਲਪ੍ਰੀਤ ਪੰਧੇਰ, ਨਵਕਿਰਨ ਢੁੱਡੀਕੇ ਨੇ ਕੀਤਾ। ਨਾਟਕ ਲਈ ਤਕਨੀਕੀ ਸਹਿਯੋਗ ਆਨੀਆਂ ਪਾਲ ਨੇ ਮਿਊਜ਼ਕ ਅਤੇ ਲਾਇਟਿੰਗ 'ਤੇ ਸਾਹਿਬ ਪੰਧੇਰ ਅਤੇ ਸੈੱਟ ਬਣਾਉਣ ਦੀ ਜ਼ਿੰਮੇਵਾਰੀ ਰੁਪਿੰਦਰਪਾਲ ਪੰਧੇਰ, ਜਸ਼ਨ ਗਿੱਲ ਨੇ ਨਿਭਾਈ। ਇਸ ਤਰ੍ਹਾਂ ਇਹ ਸਮਾਗਮ ਆਪਣੀ ਵਿਲੱਖਣ ਛਾਪ ਛੱਡ ਗਿਆ। ਸਮਾਗਮ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਕਮਲਪ੍ਰੀਤ ਪੰਧੇਰ ਨੇ ਬਾਖੂਬੀ ਨਿਭਾਈ। ਸਮੁੱਚਾ ਸਮਾਗਮ ਮਾਸਟਰ ਭਜਨ ਸਿੰਘ ਜੀ ਦੀ ਯੋਗ ਅਗਵਾਈ ਤੇ ਦਿਸ਼ਾ ਨਿਰਦੇਸ਼ਾਂ ਨਾਲ ਸਫ਼ਲਤਾ ਨਾਲ ਨੇਪਰੇ ਚੜ੍ਹਿਆ।



# ਅਖ਼ਬਾਰਾਂ ਪੱਤਰਕਾਰੀ ਦੀ ਬੁਨਿਆਦ ਹਨ



ਪ੍ਰੋ. ਕੁਲਬੀਰ ਸਿੰਘ

ਇਕ ਪ੍ਰਸਿੱਧ ਟੈਲੀਵਿਜ਼ਨ ਐਂਕਰ ਦੀ ਵੀਡੀਓ ਵੇਖ ਰਿਹਾ ਸਾਂ। ਉਹ ਕਹਿ ਰਿਹਾ ਸੀ ਅਖ਼ਬਾਰਾਂ ਪੱਤਰਕਾਰੀ ਦੀ ਬੁਨਿਆਦ ਹਨ। ਆਤਮਾ ਹਨ। ਜੇ ਤੁਸੀਂ ਖ਼ੁਦ ਨੂੰ ਅਪਡੇਟ ਰੱਖਣਾ ਚਾਹੁੰਦੇ ਹੋ ਤਾਂ ਅਖ਼ਬਾਰਾਂ ਤੋਂ ਬਿਹਤਰ ਕੋਈ ਮਾਧਿਅਮ ਨਹੀਂ। ਅਖ਼ਬਾਰਾਂ ਜਾਣਕਾਰੀ ਦੀ ਯੂਨੀਵਰਸਿਟੀ ਹਨ। ਇਹ ਗੱਲ ਹਰ ਕੋਈ ਮੰਨਦਾ ਸਮਝਦਾ ਹੈ। ਟੈਲੀਵਿਜ਼ਨ ਚੈਨਲਾਂ ਵਾਲੇ ਵੀ, ਡਿਜ਼ੀਟਲ ਮੀਡੀਆ ਵਾਲੇ ਵੀ, ਪਾਠਕ ਦਰਸ਼ਕ ਵੀ।

ਅੱਜ ਖ਼ਬਰਾਂ ਦੀ ਜਾਨ ਨਿਕਲ ਗਈ ਹੈ। ਖ਼ਬਰ ਕੇਵਲ ਅਖ਼ਬਾਰਾਂ ਵਿਚ ਵੀ ਬਚੀ ਹੈ। ਅਖ਼ਬਾਰ ਬਹੁਤ ਮਹੱਤਵਪੂਰਨ ਹੈ। ਡਿਜ਼ੀਟਲ ਤੋਂ ਇਕ ਸੁਰਖੀ ਪੜ੍ਹਕੇ ਲੋਕ ਸਮਝਦੇ ਹਨ ਕਿ ਖ਼ਬਰ ਪੜ੍ਹ ਲਈ ਹੈ। ਪਰ ਉਥੇ ਖ਼ਬਰ ਕਿੱਥੇ ਹੈ? ਖ਼ਬਰ ਤਾਂ ਅਖ਼ਬਾਰਾਂ ਦੇ ਪੰਨਿਆ 'ਤੇ ਪਈ ਹੈ। ਅਖ਼ਬਾਰਾਂ ਨੀਂਹ ਦਾ ਪੱਥਰ ਅਤੇ ਪੱਤਰਕਾਰੀ ਦਾ ਆਧਾਰ ਇਸ ਲਈ ਵੀ ਹਨ ਕਿ ਇਹ ਖ਼ਬਰਾਂ, ਜਾਣਕਾਰੀ ਅਤੇ ਵਿਚਾਰਾਂ ਦੇ ਨਾਲ ਨਾਲ ਜ਼ਿੰਦਗੀ ਦੇ ਹਰੇਕ ਮਹੱਤਵਪੂਰਨ ਪੱਖ ਤੇ ਪਹਿਲੂ ਦੀ ਗੱਲ ਕਰਦੀਆਂ ਹਨ। ਲੋਕਾਂ ਨੂੰ ਜਾਗ੍ਰਿਤ ਕਰਦਿਆਂ ਸਹਿਜ ਢੰਗ ਨਾਲ ਸੰਤੁਲਿਤ ਜਾਣਕਾਰੀ ਮੁਹੱਈਆ ਕਰਦੀਆਂ ਹਨ। ਅੱਜ ਹਰ ਕੋਈ ਹਰ ਵੇਲੇ ਵੱਖ ਵੱਖ ਤਰ੍ਹਾਂ ਦੀ ਪੱਤਰਕਾਰੀ ਦੇ ਸੰਪਰਕ ਵਿਚ ਹੈ। ਟੈਲੀਵਿਜ਼ਨ ਹੈ, ਰੇਡੀਓ ਹੈ, ਸੋਸ਼ਲ ਮੀਡੀਆ ਹੈ, ਅਖ਼ਬਾਰਾਂ ਹਨ, ਡਿਜ਼ੀਟਲ ਮੀਡੀਆ ਹੈ, ਮੈਗ਼ਜੀਨ ਹਨ, ਆਨਲਾਈਨ ਸ਼੍ਰੇਣੀ ਵਿਚ ਨਵੇਂ ਨਵੇਂ ਰੂਪ ਹੋਂਦ ਵਿਚ ਆ ਰਹੇ ਹਨ। ਅਸੀਂ ਸੂਚਨਾ-ਕ੍ਰਾਂਤੀ ਦੇ ਦੌਰ ਵਿਚ ਜੀਅ ਰਹੇ ਹਾਂ। ਪਰ ਕਿਸੇ ਮਾਹਿਰ ਦੁਆਰਾ ਅਖ਼ਬਾਰ ਵਿਚ ਲਿਖਿਆ ਗਿਆ ਆਰਟੀਕਲ ਅੱਜ ਵੀ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਪਹਿਲਾਂ ਹੁੰਦਾ ਸੀ। ਕਿਸੇ ਪ੍ਰਤੀਬੱਧ ਪੱਤਰਕਾਰ ਦੁਆਰਾ ਤਿਆਰ ਕੀਤੀ ਗਈ ਅਖ਼ਬਾਰ ਦੀ ਸੁਰਖੀ ਤੇ ਸਟੋਰੀ ਓਨੀ ਹੀ ਅਹਿਮ ਹੈ ਜਿੰਨੀ ਦਹਾਕਿਆਂ ਪਹਿਲਾਂ ਹੁੰਦੀ ਸੀ। ਅਖ਼ਬਾਰੀ ਪੱਤਰਕਾਰੀ ਭਰੋਸੇ 'ਤੇ ਵਿਸ਼ਵਾਸ 'ਤੇ ਟਿਕੀ ਹੈ। ਨੈਤਿਕ ਕਦਰਾਂ-ਕੀਮਤਾਂ, ਮਰਯਾਦਾ ਅਤੇ ਭਰੋਸੇਯੋਗਤਾ ਦੇ ਥੰਮ ?ਹ ਇਸਦਾ ਮਜ਼ਬੂਤ ਸਹਾਰਾ ਹਨ। ਸਟੀਕਤਾ ਨਿਰਪੱਖਤਾ, ਪਾਰਦਰਸ਼ਤਾ ਤੇ ਜਵਾਬਦੇਹੀ ਇਨ੍ਹਾਂ ਥੰਮਾਂ ਦੀਆਂ ਸ਼ਾਖਾਵਾਂ ਦੀ ਭੂਮਿਕਾ ਨਿਭਾਉਂਦੇ ਹਨ। ਸੰਪਾਦਕੀ ਨੀਤੀ ਅਖ਼ਬਾਰਾਂ ਦੀ ਸ਼ਕਤੀ ਬਣਦੀ ਹੈ। ਸੂਚਨਾ-ਕ੍ਰਾਂਤੀ ਦੇ ਇਸ ਦੌਰ ਵਿਚ ਭਰੋਸੇਯੋਗਤਾ ਬੜੀ ਵੱਡੀ ਤਾਕਤ ਹੈ। ਇਕ ਪਾਸੇ ਪੱਤਰਕਾਰੀ ਦੀ ਮਰਯਾਦਾ ਹੈ ਦੂਸਰੇ ਪਾਸੇ ਫਰਜ਼ੀ ਖ਼ਬਰਾਂ ਦਾ ਬੋਲਬਾਲਾ ਹੈ। ਉਲਾਰ ਤੇ ਪੱਖਪਾਤੀ ਰੁਝਾਨ ਹੈ। ਤਰ੍ਹਾਂ ਤਰ੍ਹਾਂ ਦੇ ਦਬਾਅ ਹਨ। ਤਰ੍ਹਾਂ ਤਰ੍ਹਾਂ ਦੀਆਂ ਚੁਣੌਤੀਆਂ ਹਨ। ਇਸ




ਸੱਭ ਕੁਝ ਦੇ ਬਾਵਜੂਦ ਅਖ਼ਬਾਰਾਂ ਸਮਾਜ ਪ੍ਰਤੀ, ਲੋਕਾਂ ਪ੍ਰਤੀ ਆਪਣੀ ਬਣਦੀ ਜ਼ਿੰਮੇਵਾਰੀ ਨਿਭਾ ਰਹੀਆਂ ਹਨ। ਤਕਨੀਕ ਦੇ ਇਸ ਦੌਰ ਵਿਚ ਅਖ਼ਬਾਰਾਂ ਵੀ ਤਕਨੀਕੀ ਤੌਰ 'ਤੇ ਬਹੁਤ ਤਰੱਕੀ ਕਰ ਗਈਆਂ ਹਨ। ਡਾਟਾ ਐਨਾਲਿਟਿਕਸ ਅਤੇ ਡਿਜ਼ੀਟਲ ਪਲੇਟਫਾਰਮ ਜਿਹੀਆਂ ਅਤਿ-ਆਧੁਨਿਕ ਸਹੂਲਤਾਂ ਦੀ ਆਮਦ ਨਾਲ ਕ੍ਰਾਂਤੀਕਾਰੀ ਤਬਦੀਲੀਆਂ ਆਈਆਂ ਹਨ। ਅਜੋਕੇ ਡਿਜ਼ੀਟਲ ਸਮਿਆਂ ਵਿਚ ਅਖ਼ਬਾਰਾਂ ਨੂੰ ਪ੍ਰਸੰਗਕ ਤੇ ਪ੍ਰਭਾਵੀ ਬਣਾਈ ਰੱਖਣ ਲਈ ਲੋੜੀਂਦੇ ਬਦਲਾਅ ਜ਼ਰੂਰੀ ਹੋ ਗਏ ਹਨ। ਇੰਟਰਨੈਟ ਅਤੇ ਐਪ ਦੀ ਸਹੂਲਤ ਨਾਲ ਅਖ਼ਬਾਰਾਂ ਅੱਜ ਦੇਸ਼ ਅਤੇ ਦੁਨੀਆਂ ਦੇ ਪਾਠਕਾਂ ਤੱਕ ਪਹੁੰਚ ਰਹੀਆਂ ਹਨ। ਆਨਲਾਈਨ ਅਡੀਸ਼ਨ ਕਿਉਂ ਕਿ ਪੂਰੀ ਦੁਨੀਆਂ ਤੱਕ ਪਹੁੰਚਦਾ ਹੈ ਇਸ ਲਈ ਉਸਦੇ ਪਾਠਕਾਂ ਦਾ ਦਾਇਰਾ ਤੇਜ਼ੀ ਨਾਲ ਵਧ ਰਿਹਾ ਹੈ। ਅਖ਼ਬਾਰਾਂ ਸਥਾਨਕ, ਕੌਮੀ ਤੇ ਕੌਮਾਂਤਰੀ ਪੱਧਰ 'ਤੇ ਲੋਕਾਂ ਦੀ ਰਾਏ ਨੂੰ ਪ੍ਰਭਾਵਤ ਕਰਨ, ਬਦਲਣ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਅਖ਼ਬਾਰਾਂ ਸਮਾਜਕ, ਸਭਿਆਚਾਰਕ, ਪਰਿਵਾਰਕ ਅਤੇ ਰਾਜਨੀਤਕ ਮੁੱਦਿਆਂ ਮਸਲਿਆਂ 'ਤੇ ਸੰਜੀਦਾ ਤੇ ਸੰਤੁਲਿਤ ਵਿਚਾਰ-ਚਰਚਾ ਕਰਵਾਉਣ ਵਿਚ ਵੀ ਅੱਗੇ ਹਨ। ਪਾਠਕ ਇਨ੍ਹਾਂ ਨਾਲ ਭਾਵਨਾਤਮਕ ਪੱਧਰ 'ਤੇ ਇਕ ਸਾਂਝ, ਇਕ ਜੜਾਅ ਮਹਿਸੂਸ ਕਰਦੇ ਹਨ।

ਇਸ਼ਤਿਹਾਰਬਾਜ਼ੀ ਪੱਖੋਂ ਵੀ ਹੋਰ ਕੋਈ ਮਾਧਿਅਮ ਅਖ਼ਬਾਰਾਂ ਜਿੰਨਾ ਕਾਰਗਰ ਤੇ ਪ੍ਰਭਾਵਸ਼ਾਲੀ ਨਹੀਂ ਕਿਉਂ ਕਿ ਅਖ਼ਬਾਰ ਸਿੱਧੀ ਸੰਬੰਧਤ ਖਿੱਤੇ ਅਤੇ ਲੋਕਾਂ ਤੱਕ ਪਹੁੰਚ ਯਕੀਨੀ ਬਣਾਉਂਦੀ ਹੈ। ਮਨੁੱਖੀ ਮਨ 'ਤੇ ਜੋ ਪ੍ਰਭਾਵ ਲਿਖਤੀ ਸਮੱਗਰੀ ਦਾ ਪੈਂਦਾ ਹੈ ਉਹ ਸਕਰੀਨ ਤੇ ਵੇਖਣ ਪੜ੍ਹਨ ਨਾਲ ਨਹੀਂ ਪੈਂਦਾ। ਅਖ਼ਬਾਰ ਦੀ ਪਹੁੰਚ ਉਨ੍ਹਾਂ ਲੋਕਾਂ ਤੱਕ ਵੀ ਹੁੰਦੀ ਹੈ ਜਿਹੜੇ ਤਕਨੀਕੀ ਮੁਹਾਰਤ ਨਹੀਂ ਰੱਖਦੇ। ਜਿਹੜੇ ਇੰਟਰਨੈਟ, ਸੋਸ਼ਲ ਮੀਡੀਆ ਦੀ ਵਰਤੋਂ ਨਹੀਂ ਕਰਦੇ। ਪ੍ਰਿੰਟ ਰੂਪ ਵਿਚ ਸਮੱਗਰੀ ਨੂੰ ਪੜ੍ਹਨਾ, ਸਮਝਣਾ ਤੇ ਸੰਭਾਲਣਾ ਆਸਾਨ ਹੁੰਦਾ ਹੈ। ਆਰਾਮਦਾਇਕ ਹੁੰਦਾ ਹੈ। ਚੰਗਾ ਲੱਗਦਾ ਹੈ। ਅਜੋਕੇ ਡਿਜ਼ੀਟਲ ਦੌਰ ਵਿਚ ਅਖ਼ਬਾਰਾਂ ਦੀ ਸਫ਼ਲਤਾ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਸਾਹਮਣੇ ਆਈਆਂ ਹਨ। 'ਦਾ ਨਿਊਯਾਰਕ ਟਾਈਮਜ਼' ਅਜਿਹੀ ਅਖ਼ਬਾਰ ਹੈ ਜਿਸਨੇ ਪ੍ਰਿੰਟ ਰੂਪ ਵਿਚ ਵੀ ਆਪਣੀ ਸਰਕੂਲੇਸ਼ਨ ਨੂੰ ਬਰਕਰਾਰ ਰੱਖਿਆ ਹੈ ਅਤੇ ਆਨਲਾਈਨ ਪਾਠਕ-ਗਿਣਤੀ ਨੂੰ ਵੀ ਲਗਾਤਾਰ ਵਧਾਇਆ ਹੈ।

ਅੱਜ ਦੇ ਤੇਜ਼ ਤਰਾਰ ਤਕਨੀਕੀ ਸਮੇਂ ਵਿਚ ਭਾਵੇਂ ਡਿਜ਼ੀਟਲ ਮੀਡੀਆ ਦੇ ਮਹੱਤਵ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਪਰੰਤੂ ਪ੍ਰਿੰਟ ਮੀਡੀਆ ਦੀ ਭੂਮਿਕਾ ਨੂੰ ਵੀ ਘਟਾ ਕੇ ਨਹੀਂ ਵੇਖਿਆ ਜਾ ਸਕਦਾ।

ਦਰਅਸਲ ਸਮਾਂ ਦੋਹਾਂ ਦੇ ਸੁਮੇਲ ਦਾ ਹੈ। ਡਿਜ਼ੀਟਲ ਮੀਡੀਆ 'ਤੇ ਇਕ ਪੰਛੀ ਝਾਤ ਮਾਰਨ ਬਾਅਦ ਵਿਸਥਾਰ ਤੇ ਅਸਲੀਅਤ ਜਾਨਣ ਲਈ ਅਖ਼ਬਾਰ ਦੇ ਪੰਨਿਆ 'ਤੇ ਜਾਣਾ ਪੈਂਦਾ ਹੈ। ਇੰਝ ਕਰਕੇ ਹੀ ਅਸੀਂ ਖ਼ਬਰ ਨੂੰ, ਦੁਨੀਆਂ ਨੂੰ ਸਹੀ ਤਰ੍ਹਾਂ ਸਮਝ ਸਕਦੇ ਹਾਂ।

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000



ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

Vol: 12 No: 271 Website : www.punjabiakhbaar.ca Email: editor@punjabiakhbaar.ca Friday, 4 July 2025

# ਹੋਰਨਾਂ ਸੂਬਿਆਂ ਤੋਂ ਪੁਰਾਣੀਆਂ ਗੱਡੀਆਂ ਉੱਪਰ ਸਸਕੈਚਵਨ ਵਿੱਚ ਕੀਤੀ ਜਾਣ ਵਾਲੀ ਇੰਸਪੈਕਸ਼ਨ ਨੂੰ ਬੰਦ ਕੀਤਾ ਜਾਵੇ-ਐਨ ਡੀ ਪੀ

ਰੀਜਾਇਨਾ(ਪੰਜਾਬੀ ਅਖ਼ਬਾਰ ਬਿਊਰੋ) ਸਸਕੈਚਵਨ ਦੀ ਮੁੱਖ ਵਿਰੋਧੀ ਧਿਰ ਐਨਡੀਪੀ ਨੇ ਸੂਬਾ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਹੋਰਨਾਂ ਸੂਬਿਆਂ ਤੋਂ ਪੁਰਾਣੀਆਂ ਗੱਡੀਆਂ ਖਰੀਦ ਕੇ ਸਸਕੈਚਵਨ ਵਿੱਚ ਲਿਆਉਣ ਅਤੇ ਚਲਾਉਣ ਲਈ ਕੀਤੀ ਜਾਣ ਵਾਲੀ ਇੰਸਪੈਕਸ਼ਨ ਨੂੰ ਬੰਦ ਕੀਤਾ ਜਾਵੇ। ਐਨਡੀਪੀ ਨੇ ਆਖਿਆ ਕਿ ਜੇਕਰ ਕੋਈ ਦੂਜੇ ਸੂਬੇ ਚੋਂ ਪੁਰਾਣੀ ਗੱਡੀ ਖਰੀਦ ਕੇ ਲਿਆਉਂਦਾ ਹੈ ਤਾਂ ਉਸ ਦੇ ਸਾਈਜ਼ ਅਤੇ ਹਾਲਾਤ ਦੇ ਹਿਸਾਬ ਨਾਲ ਦੀ ਫੀਸ ਅਦਾ ਕਰਨੀ ਪੈਂਦੀ ਹੈ। ਐਨਡੀਪੀ ਦੇ ਐਸ ਜੀ ਆਈ ਕ੍ਰਿਟਿਕ ਹਿਊ ਗੋਰਡਨ ਨੇ ਆਖਿਆ ਕਿ ਕਿ ਜੇਕਰ ਕਿਸੇ ਹੋਰ ਸੂਬੇ 'ਚ ਕਿਸੇ ਵਾਹਨ ਦੀ ਇਨਸ਼ੋਰੈਂਸ ਹੋਈ ਹੈ ਅਤੇ ਉਹ ਦੂਜੇ ਸੂਬੇ ਵਿੱਚ ਚੱਲ ਰਿਹਾ ਹੈ ਅਤੇ ਉਸਦੀ ਹਾਲਤ ਚੰਗੀ ਹੈ ਤਾਂ ਉਹ ਵਾਹਨ ਸਸਕੈਚਨ ਵਿੱਚ ਚੱਲਣ ਵਾਸਤੇ ਵੀ ਉਸੇ ਤਰ੍ਹਾਂ ਠੀਕ ਮੰਨਿਆ ਜਾਣਾ ਚਾਹੀਦਾ ਹੈ। ਉਹਨਾਂ ਆਖਿਆ ਕਿ ਇਸ ਦਾ



ਕੋਈ ਮਤਲਬ ਨਹੀਂ ਬਣਦਾ ਕਿ ਜੇਕਰ ਕਿਸੇ ਡਰਾਈਵਰ ਨੂੰ ਕਿਸੇ ਗੱਡੀ ਤੇ ਕੋਈ ਚੰਗੀ ਡੀਲ ਮਿਲੀ ਹੈ ਤਾਂ ਉਹ ਇਸ ਦੀ ਵਾਧੂ ਕੀਮਤ ਵੀ ਅਦਾ ਕਰੇ ਅਤੇ ਰੈਡ ਟੇਪ ਦਾ ਸਾਹਮਣਾ ਕਰੇ। ਵਰਨਣਯੋਗ ਹੈ ਕਿ ਇਸ ਵਕਤ ਸਸਕੈਚਨ ਵਿੱਚ ਇਹ ਨਿਯਮ ਹੈ ਕਿ ਦੂਜੇ ਸੂਬੇ ਤੋਂ ਜਾਣ ਵਾਲੀ ਗੱਡੀ ਦੀ ਸਸਕੈਚਵਨ ਗੌਰਮੈਂਟ ਇੰਸ਼ੋਰੰਸ ਯਾਨੀ ਐਸ ਜੀ ਆਈ ਵੱਲੋਂ ਅਪਰੂਵ ਸਟੇਸ਼ਨ ਤੇ ਜਾਂਚ ਕਰਾਉਣੀ ਲਾਜ਼ਮੀ ਹੈ ਅਤੇ ਉਸ ਤੋਂ ਬਾਅਦ ਹੀ ਗੱਡੀ ਦੀ ਰਜਿਸਟਰੇਸ਼ਨ ਅਤੇ ਆਟੋ ਇੰਸ਼ੋਰੈਂਸ ਹੁੰਦੀ ਹੈ। -ਧਰ ਰੀਜਾਈਨਾ ਸਥਿੱਤ ਮਿਡਾਸ ਆਟੋਜ ਦੇ ਜੈਰਡ ਕੋਲਨ ਅਨੁਸਾਰ ਹਰੇਕ ਗੱਡੀ ਦੀ ਇੰਸਪੈਕਸ਼ਨ ਤੇ ਔਸਤਨ 200 ਡਾਲਰ ਤੋਂ ਵੀ ਘੱਟ ਖਰਚਾ ਆਉਂਦਾ ਹੈ ਅਤੇ ਉਨਾਂ ਨੇ ਐਨਡੀਪੀ ਦੇ ਇਸ ਸੁਝਾਅ ਦਾ ਵਿਰੋਧ ਕੀਤਾ ਹੈ। ਉਨਾਂ ਅਨੁਸਾਰ ਇਹ ਸੁਰੱਖਿਆ ਨਾਲ ਜੁੜਿਆ ਮਾਮਲਾ ਹੈ।

## ਜੰਗਲੀ ਅੱਗ ਦੀ ਮਾਰ ਹੇਠ ਆਏ ਇਸ ਪਿੰਡ ਦੀ ਕਿਸੇ ਨੇ ਮਦਦ ਕਿਉਂ ਨਹੀਂ ਕੀਤੀ!

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਸਸਕੈਚਵਨ ਦੇ ਉੱਤਰ ਵੱਲ ਪੈਂਦੇ ਪਿੰਡ ਡੇਨੇਅਰ ਬੀਚ ਦੇ ਲੋਕਾਂ ਅਤੇ ਸਸਕੈਚਵਨ ਦੀ ਮੁੱਖ ਵਿਰੋਧੀ ਧਿਰ ਐਨਡੀਪੀ ਨੇ ਸੂਬਾ ਸਰਕਾਰ ਦੀ ਇਸ ਗੱਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਕਿ ਇਸ ਪਿੰਡ ਤੱਕ ਪਹੁੰਚੀਆਂ ਜੰਗਲੀ ਅੱਗਾਂ ਨਾਲ ਨਜਿੱਠਣ ਵਾਸਤੇ ਸਰਕਾਰ ਵੱਲੋਂ ਠੋਸ ਉਪਰਾਲੇ ਨਹੀਂ ਕੀਤੇ ਗਏ। ਸਸਕੈਚਵਨ ਅਤੇ ਮੈਨੀਟੋਬਾ ਬਾਰਡਰ ਤੇ ਨੇੜੇ ਸਥਿਤ ਡੇਨੇਅਰ ਬੀਚ ਦੀ ਵਸੋਂ ਲਗਭਗ 700 ਦੇ ਕਰੀਬ ਹੈ ਅਤੇ ਲਗਭਗ ਇੱਕ ਮਹੀਨਾ ਪਹਿਲਾਂ ਲੱਗੀਆਂ ਜੰਗਲੀ



ਅੱਗਾਂ ਕਾਰਨ ਇਸ ਪਿੰਡ ਦੇ 200 ਘਰ ਸੜ ਕੇ ਸੁਆਹ ਹੋ ਗਏ ਸਨ। ਐਨਡੀਪੀ ਦੇ ਐਮਐਲਏ ਜੋਰਡਨ ਮੈਕਫ਼ਿਲ ਨੇ ਆਖਿਆ ਕਿ ਡੇਨੇਅਰ ਬੀਚ ਦੇ ਲੋਕ ਇਹ ਜਾਣਨਾ ਚਾਹੁੰਦੇ ਹਨ ਕਿ ਪ੍ਰੀਮੀਅਰ ਸਕਾਟ ਮੋਅ ਨੇ ਫੈਡਰਲ ਮਦਦ ਵਾਸਤੇ ਮੰਗ ਕਿਉਂ ਨਹੀਂ ਕੀਤੀ ਜਦੋਂ ਕਿ ਮੈਨੀਟੋਬਾ ਸਰਕਾਰ ਨੇ ਫੌਰੀ ਤੌਰ ਤੇ ਫੌਜੀ ਮਦਦ ਮੰਗ ਲਈ ਸੀ। ਉਹਨਾਂ ਆਖਿਆ ਕਿ ਇਸ ਪਿੰਡ ਤੋਂ ਸਿਰਫ 22 ਕਿਲੋਮੀਟਰ ਦੂਰ ਫੌਜ ਜੰਗਲੀ ਅੱਗਾਂ ਦੇ ਵਿੱਚ ਫਸੇ ਲੋਕਾਂ ਦੀ ਮਦਦ ਕਰ ਰਹੀ ਸੀ ਪਰ ਸਰਹੱਦ ਦੇ ਇਸ ਪਾਸੇ ਲੋਕ ਮਦਦ ਦੀ ਉਡੀਕ ਕਰਦੇ ਰਹੇ। ਉਹਨਾਂ ਆਖਿਆ ਕਿ ਮੇਰਾ ਖਿਆਲ ਹੈ ਕਿ ਪ੍ਰੀਮੀਅਰ ਸਕਾਟ ਮੋਅ ਅਤੇ ਪਬਲਿਕ ਸੇਫਟੀ ਮੰਤਰੀ ਟਿਮ ਮੈਕਲੋਡ ਨੂੰ ਇਹ ਜਵਾਬ ਦੇਣਾ ਪਵੇਗਾ ਕਿ ਜੰਗਲੀ ਅੱਗਾਂ ਚ ਫਸੇ ਲੋਕਾਂ ਦੀ ਮਦਦ ਵਾਸਤੇ ਕਿਉਂ ਕੈਨੇਡਾ ਸਰਕਾਰ ਨਾਲ ਰਾਬਤਾ ਕਾਇਮ ਨਹੀਂ ਕੀਤਾ ਗਿਆ ਅਤੇ ਕਿਉਂ ਫੌਜੀ ਮਦਦ ਨਹੀਂ ਮੰਗੀ ਗਈ । ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਸਸਕੈਚਵਨ ਦੀ ਸੱਤਾਧਾਰੀ ਧਿਰ ਸਸਕੈਚਵਨ ਪਾਰਟੀ ਦੀ ਸਰਕਾਰ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਮਦਦ ਨਹੀਂ ਮਿਲੀ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਪਿੰਡ ਖਾਲੀ ਕਰਨ ਵਾਸਤੇ ਵੀ ਅਤੇ ਉਥੋਂ ਸੁਰੱਖਿਤ ਬਾਹਰ ਨਿਕਲਣ ਵਾਸਤੇ ਵੀ ਸੂਬਾ ਸਰਕਾਰ ਵੱਲੋਂ ਮਦਦ ਨਹੀਂ ਕੀਤੀ ਗਈ। ਪਿੰਡ ਦੀ ਇੱਕ ਨਾਗਰਿਕ ਜੈਨੀਫਰ ਹਿਸਟਰ ਨੇ ਆਖਿਆ ਕਿ ਅੱਜ ਮੈਂ ਬਿਨਾਂ ਆਪਣੇ ਘਰ ਦੇ ਖੜੀ ਹਾਂ ਅਤੇ ਮੈਂ ਨਹੀਂ ਚਾਹੁੰਦੀ ਕਿ ਇਹ ਦੁੱਖ ਕੋਈ ਹੋਰ ਵੀ ਮਹਿਸੂਸ ਕਰੇ।














### ਮਾਰਕ ਕਾਰਨੀ ਦਾ ਮੇਜਰ ਪ੍ਰੋਜੈਕਟ ਬਿੱਲ C -5 ਕਾਨੂੰਨ ਬਣਿਆ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਪ੍ਰਧਾਨ ਮੰਤਰੀ ਮਾਰਕਕਾਰਨੀ ਦੀ ਅਗਵਾਈ ਵਾਲੀ ਸਰਕਾਰ ਨੂੰ ਵੱਡੀ ਕਾਮਯਾਬੀ ਮਿਲੀ ਹੈ ਕਿ ਸਰਕਾਰ ਦਾ ਮੇਜਰ ਪ੍ਰੋਜੈਕਟ ਬਿੱਲ ਸੈਨੇਟ ਵੱਲੋਂ ਪਾਸ ਕਰ ਦਿੱਤਾ ਗਿਆ ਤੇ ਹੁਣ ਕਾਨੂੰਨ ਬਣ ਗਿਆ ਹੈ। ਬਿੱਲ ਸੀ ਫਾਈਵ ਜੋ ਕਿ ਸੂਬਿਆਂ ਦੇ ਅੰਦਰੂਨੀ ਵਪਾਰ ਵਿੱਚ ਫੈਡਰਲ ਰੋਕਾਂ ਨੂੰ ਵੀ ਖਤਮ ਕਰੇਗਾ, ਨੂੰ ਸੈਨਟ ਵਿੱਚ ਬਿਨਾਂ ਕਿਸੇ ਸੋਧ ਅਤੇ ਤੇਜ਼ੀ ਨਾਲ ਰਿਵਿਊ ਤੋਂ ਬਾਅਦ ਪਾਸ ਕਰ ਦਿੱਤਾ ਗਿਆ ਹੈ। ਸੈਨਟ ਦੇ ਸਪੀਕਰ ਰਿਮਾਡ ਗਗਨ ਨੇ ਦੱਸਿਆ ਕਿ ਗਵਰਨਰ ਜਨਰਲ ਮੈਰੀ ਸਾਈਮਨ ਨੇ ਗਰਮੀਆਂ ਦੀਆਂ ਛੁੱਟੀਆਂ ਲਈ ਸੈਨੇਟ ਦੇ ਮੁਅਤਲ ਹੋਣ ਤੋਂ ਪਹਿਲਾਂ ਹੀ ਇਸ ਬਿੱਲ ਨੂੰ ਸ਼ਾਹੀ ਸਹਿਮਤੀ ਦੇ ਦਿੱਤੀ ਹੈ।















# ਪਿਤਾ-ਦਿਵਸ ਨੂੰ ਸਮਰਪਿਤ ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਯਾਦਗਾਰੀ ਹੋ ਨਿੱਬੜੀ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 16 ਜੂਨ ਨੂੰ ਵੀਵੋ ਵਿਖੇ ਹੋਈ। ਸ਼ੁਰੂ ਵਿੱਚ ਅਹਿਮਦਾਬਾਦ ਵਿਖੇ ਹੋਏ ਜਹਾਜ਼ ਗ੍ਰਸਤ ਹਾਦਸੇ ਦੇ ਮ੍ਰਿਤਕਾਂ ਨੂੰ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਪਿਤਾ-ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਪਿਤਾ ਔਲਾਦ ਖਾਤਰ ਸਾਰੇ ਵਸੀਲੇ ਕਰਦਾ ਹੈ। ਉਨ੍ਹਾਂ ਨੇ ਇਤਿਹਾਸਕ ਹਵਾਲੇ ਦੇ ਕੇ ਸਮਝਾਇਆ ਕਿ ਧਰਮਾਂ ਤੋਂ ਉਪਰ ਉੱਠ ਕੇ ਅੰਧ-ਵਿਸ਼ਵਾਸ ਤਿਆਗ ਕੇ ਸਹੀ ਰੂਪ ਵਿਚ ਇਨਸਾਨ ਬਣੀਏ। ਉਨ੍ਹਾਂ ਨੇ ਧਰਮਾਂ ਦੇ ਸੰਬੰਧ ਵਿਚ ਦਲੀਲਾਂ ਦੇ ਕੇ ਨਿਚੋੜ ਕੱਢਿਆ ਕਿ ਗੁਰੂ ਨਾਨਕ ਦੀ ਸਿੱਖਿਆ ਕਿਸੇ ਵਿਸ਼ੇਸ਼ ਫ਼ਿਰਕੇ ਦਾ ਨਹੀਂ ਸਗੋਂ ਸਮੁੱਚੀ ਇਨਸਾਨੀਅਤ ਦਾ ਧਰਮ ਹੈ। ਇਸ ਮਗਰੋਂ ਜੂਨ ਮਹੀਨੇ ਪੈਂਦੇ ਜਨਮ ਦਿਨ ਵਾਲੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਦਿੱਤੀਆਂ ਗਈਆਂ। ਦਰਸ਼ਨ ਧਾਲ਼ੀਵਾਲ਼ ਨੇ ਕਿਹਾ ਕਿ ਪਿਤਾ ਨੂੰ ਔਲਾਦ ਦੀ ਤਰੱਕੀ ਉਪਰ ਮਾਣ ਹੁੰਦਾ ਹੈ। ਅਮਰਜੀਤ ਕੌਰ ਪਲਾਹਾ ਨੇ ਕਵਿਤਾ ਦੇ ਉਚਾਰਨ ਰਾਹੀਂ ਪਿਤਾ ਦੇ ਕਿਰਦਾਰ ਨੂੰ ਬਾ-ਖ਼ੂਬੀ ਉਜਾਗਰ ਕੀਤਾ। ਉੱਘੇ ਰੰਗਕਰਮੀ ਵਿਜੇ ਸਚਦੇਵਾ ਨੇ 28 ਜੂਨ ਨੂੰ ਹੋਣ ਵਾਲ਼ੇ ਨਾਟਕ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ। ਇੱਕ ਫਿਲਮੀ ਗੀਤ ਸੁਣਾ ਕੇ ਮਾਹੌਲ ਸੰਗੀਤਮਈ ਕਰ ਦਿੱਤਾ। ਪਰਮਿੰਦਰ ਗਰੇਵਾਲ਼ ਨੇ ਅਕਾਲੀ ਫੂਲਾ ਸਿੰਘ ਦੀ ਕਮਾਂਡ ਹੇਠ ਅਰਦਾਸਾ ਸੋਧ ਕੇ ਮੁਲਤਾਨ ਫਤਹਿ ਕਰਨ ਦਾ ਪ੍ਰਸੰਗ ਸੁਣਾਇਆ। ਭਜਨ ਸਿੰਘ ਸਾਗੂ ਨੇ ਕਲਾਮਈ ਤਰੀਕੇ ਨਾਲ਼ ਪਿਤਾ ਦੀ ਸੂਰਜ ਨਾਲ਼ ਤੁਲਨਾ ਕੀਤੀ ਜਿਸ ਦੀ ਗੈਰਮੌਜੂਦਗੀ ਵਿੱਚ ਚਾਰੇ ਪਾਸੇ ਹਨੇਰਾ ਛਾ ਜਾਂਦਾ ਹੈ। ਹਰਿੰਦਰ ਕੌਰ ਮੁੰਡੀ ਨੇ ਕਵਿਤਾ ਰਾਹੀਂ ਪਿਤਾ ਦਾ ਕਿਰਦਾਰ ਪੇਸ਼ ਕੀਤਾ। ਜੋਗਾ ਸਿੰਘ ਲਹਿਲ ਨੇ ਅੱਜ ਦੇ ਵਰਤਾਰੇ ਦੀ ਸੱਚਾਈ ਵੱਲ ਧਿਆਨ ਦਿਵਾਇਆ ਕਿ ਬਾਪੂ ਦੀ ਕਮਾਈ ਵੱਲ ਸਾਰੇ ਵੇਖਦੇ ਹਨ ਪਰ ਬਾਪੂ ਵੱਲ ਕੋਈ ਨਹੀਂ ਦੇਖਦਾ। ਉਸ ਨੇ ਸੁਭਾਅ ਅਨੁਸਾਰ ਚੁਟਕਲਾ ਸੁਣਾ ਕੇ ਹਾਸੇ ਦਾ ਮਾਹੌਲ ਵੀ ਸਿਰਜ ਦਿੱਤਾ। ਸੁਰਜੀਤ ਕੌਰ ਕੰਮੋਹ ਦੀ ਤਰੰਨਮ ਵਿੱਚ ਗਾਈ ਕਵਿਤਾ ਸਭ ਨੂੰ ਭਾਵੁਕ ਕਰ ਗਈ। ਜਗਦੇਵ ਸਿੱਧੂ ਨੇ ਸੂਚਨਾ ਦਿੱਤੀ ਕਿ ਜੂਨ ਦਾ ਮਹੀਨਾ ਕੈਨੇਡਾ ਵਿੱਚ "ਨੈਸ਼ਨਲ ਇੰਡੀਜੀਨੱਸ ( ਕੈਨੇਡਾ ਤੇ ਮੂਲਨਿਵਾਸੀ)ਹਿਸਟਰੀ ਮੰਥ" ਵੱਜੋਂ ਮਨਾਇਆ ਜਾ ਰਿਹਾ ਹੈ। ਉਸ ਨੇ ਅਤੇ ਸੁਖਦੇਵ ਬੈਂਸ ਨੇ ਔਲ਼ਾਦ ਵੱਲੋਂ ਪਿਤਾ ਦੀ ਸੰਭਾਲ਼ ਬਾਰੇ ਵਿਚਾਰ ਰੱਖੇ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸ਼ੁਰੂ ਤੋਂ ਅਖੀਰ ਤੱਕ ਬੜੀ ਮੁਹਾਰਤ ਨਾਲ਼ ਕਾਰਵਾਈ ਚਲਾਈ ਅਤੇ ਪਿਤਾ ਦੇ ਵਿਸ਼ੇ ਬਾਰੇ ਕਈ ਪੱਖਾਂ ਤੋਂ ਚਾਨਣਾ ਪਾਇਆ। ਪਿਤਾ-ਦਿਵਸ ਨੂੰ ਪੂਰੀ ਤਰ੍ਹਾਂ ਸਮਰਪਿਤ ਇਹ ਮੀਟਿੰਗ ਯਾਦਗਾਰੀ ਹੋ ਨਿੱਬੜੀ ਜਿਸ ਲਈ ਸੁਰਿੰਦਰਜੀਤ ਪਲਾਹਾ ਨੇ ਹਾਜ਼ਰੀਨ ਦੀ ਤਾਰੀਫ਼ ਕਰਦਿਆਂ ਸਭ ਦਾ ਧੰਨਵਾਦ ਕੀਤਾ।

# ਲੇਖਕਾਂ ਨੂੰ ਸੱਚਾਈ ਤੇ ਨਿਡਰਤਾ ਨਾਲ ਫ਼ਰਜ਼ ਨਿਭਾਉਣਾ ਚਾਹੀਦਾ ਹੈ : ਡਾ: ਸਿਰਸਾ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਜੂਨ ਮਹੀਨੇ ਦੀ ਇਕੱਤਰਤਾ 22 ਜੂਨ,2025 ਨੂੰ ਕੋਸੋ ਹਾਲ ਵਿੱਚ ਭਾਰਤ ਤੋਂ ਆਏ ਸਿਰਮੌਰ ਲੇਖਕ, ਅਲੋਚਕ ਅਤੇ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾ: ਸੁਖਦੇਵ ਸਿੰਘ ਸਿਰਸਾ, ਸੁਰਿੰਦਰ ਗੀਤ ਅਤੇ ਡਾ:ਰਾਜਵੰਤ ਕੌਰ ਮਾਨ ਦੀ ਪ੍ਰਧਾਨਗੀ ਹੇਠ ਹੋਈ । ਡਾ: ਰਾਜਵੰਤ ਕੌਰ ਮਾਨ ਨੇ ਡਾ: ਸੁਖਦੇਵ ਸਿੰਘ ਸਿਰਸਾ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਪ੍ਰਗਤੀਸ਼ੀਲ ਲਹਿਰ ਦੇ ਸੰਚਾਲਕ ਅਤੇ ਝੰਡਾ ਬਰਦਾਰ ਹਨ । ਉਨ੍ਹਾਂ ਨੇ ਪ੍ਰਗਤੀਸ਼ੀਲ ਲਹਿਰ, ਅਮਨ ਲਹਿਰ ਅਤੇ ਇਪਟਾ ਦੇ ਇਤਿਹਾਸ ਬਾਰੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ, ਇਨ੍ਹਾਂ ਸੰਸਥਾਵਾਂ ਦੇ ਮੋਢੀਆਂ ਅਤੇ ਇਨ੍ਹਾਂ ਨਾਲ਼ ਜੁੜੇ ਹਿੰਦੁਸਤਾਨ ਦੇ ਮਹਾਨ ਲੇਖਕਾਂ, ਨਾਟ-ਕਰਮੀਆਂ ਅਤੇ ਅਦਾਕਾਰਾਂ ਦਾ ਜ਼ਿਕਰ ਕੀਤਾ। ਦੱਸਣਯੋਗ ਹੈ ਕਿ ਡਾ: ਰਾਜਵੰਤ ਮਾਨ ਅਤੇ ਇਨ੍ਹਾਂ ਦੇ ਪਤੀ ਨਿਰੰਜਣ ਸਿੰਘ ਮਾਨ ਵੀ ਉਨ੍ਹਾਂ ਵਿੱਚ ਸ਼ਾਮਿਲ ਰਹੇ ਸਨ। ਡਾ: ਸਿਰਸਾ ਨੇ ਪ੍ਰਗਤੀਸ਼ੀਲ ਲਹਿਰ ਦੇ ਪਿਛੋਕੜ ਅਤੇ ਇਤਿਹਾਸ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਲਹਿਰ ਅਤੇ ਇਪਟਾ ਵਿੱਚ ਸ਼ਾਮਿਲ ਰਹੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਰੰਗਕਰਮੀਆਂ, ਪੱਤਰਕਾਰਾਂ ਆਦਿ ਦੇ ਯੋਗਦਾਨ ਬਾਰੇ ਭਰਪੂਰ ਜਾਣਕਾਰੀ ਦਿੱਤੀ । ਲੇਖਕਾਂ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੂੰ ਸੱਚਾਈ ਨਾਲ ਅਤੇ ਨਿੱਡਰ ਹੋ ਕੇ ਸਮਾਜ ਪ੍ਰਤੀ ਆਪਣਾ ਫ਼ਰਜ਼ ਨਿਭਾਉਣਾ ਚਾਹੀਦਾ ਹੈ । ਜੇ ਕਵੀ ਦੇ ਬੋਲਾਂ ਵਿੱਚ ਤਿੱਖੀ ਧਾਰ ਨਹੀਂ ਤਾਂ ਉਹ ਕਵੀ ਨਹੀਂ । ਡਾ: ਸੁਖਦੇਵ ਸਿੰਘ ਸਿਰਸਾ ਨੇ ਕੈਲਗਰੀ ਦੇ ਮਰਹੂਮ ਸਾਹਿਤਕਾਰ ਕੇਸਰ ਸਿੰਘ ਨੀਰ ਅਤੇ ਇਕਬਾਲ ਅਰਪਨ ਅਤੇ ਇਕਬਾਲ ਖ਼ਾਨ ਨੂੰ ਵੀ ਯਾਦ ਕੀਤਾ । ਉਨ੍ਹਾਂ ਨੇ ਕਵਿੱਤਰੀ ਸੁਰਿੰਦਰ ਗੀਤ ਨੂੰ ਚੋਟੀ ਦੀਆਂ ਚਾਰ-ਪੰਜ ਪਰਵਾਸੀ ਕਵਿੱਤਰੀਆਂ ਵਿੱਚ ਸ਼ਾਮਿਲ ਕੀਤਾ।ਸੁਖਮੰਦਰ ਗਿੱਲ ,ਮਨਮੋਹਨ ਸਿੰਘ ਬਾਠ, ਡਾ: , ਜੋਗਾ ਸਿੰਘ ਸਹੋਤਾ, ਸਰਦੂਲ ਸਿੰਘ ਲੱਖਾ, ਜਸਵੀਰ ਸਿੰਘ ਸਿਹੋਤਾ, ਜ਼ੀਰ ਸਿੰਘ ਬਰਾੜ ਜਰਨੈਲ ਸਿੰਘ ਤੱਗੜ ਅਤੇ ਸੁਰਿੰਦਰ ਢਿਲੋਂ ਨੇ ਆਪਣੇ ਵਿਚਾਰ ਪੇਸ਼ ਕੀਤੇ । ਅਖਿਰ ਵਿੱਚ ਸੁਰਿੰਦਰ ਗੀਤ ਨੇ ਭਾਵਪੂਰਤ ਸ਼ਬਦਾਂ ਰਾਹੀਂ ਡਾ: ਸੁਖਦੇਵ ਸਿੰਘ ਸਿਰਸਾ ਦਾ ਉਚੇਚਾ ਧੰਨਵਾਦ ਕੀਤਾ ਅਤੇ ਆਪਣੀਆਂ ਕੁੱਝ ਪੁਸਤਕਾਂ ਭੇਂਟ ਕੀਤੀਆਂ । ਵੱਡੀ ਗਿਣਤੀ ਵਿਚ ਆਏ ਸਾਹਿਤ-ਪ੍ਰੇਮੀਆਂ ਦਾ ਸ਼ੁਕਰੀਆਂ ਅਦਾ ਕਰਦਿਆਂ ਸੁਰਿੰਦਰ ਗੀਤ ਨੇ ਅੱਗੇ ਤੋਂ ਵੀ ਅਜਿਹੇ ਸਹਿਯੋਗ ਦੀ ਆਸ ਪ੍ਰਗਟਾਈ । ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬਹੁਤ ਖੁਬਸੂਰਤ ਤਰੀਕੇ ਨਾਲ ਨਿਭਾਇਆ ।

## ਅਲਬਰਟਾ ਦੇ ਲੋਕਾਂ ਦੀ ਕੈਨੇਡਾ ਤੋਂ ਵੱਖ ਹੋਣ ਦੀ ਇੱਛਾ ਪ੍ਰਬਲ ਹੋਈ -ਡੈਨੀਅਲ ਸਮਿੱਥ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਆਖਿਆ ਹੈ ਕਿ ਇਸ ਵਕਤ ਸੂਬੇ ਦੇ ਲੋਕਾਂ ਦੀ ਕੈਨੇਡਾ ਤੋਂ ਵੱਖ ਹੋਣ ਦੀ ਇੱਛਾ ਜਿਸ ਪੱਧਰ 'ਤੇ ਪਹੁੰਚੀ ਹੋਈ ਹੈ ਇਨੀ ਪਹਿਲਾਂ ਕਦੇ ਵੀ ਨਹੀਂ ਸੀ ਕੈਲਗਰੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰੀਮੀਅਰ ਨੇ ਆਖਿਆ ਕਿ ਅਲਬਰਟਾ ਦੇ ਲੋਕ ਫੈਡਰਲ ਸਰਕਾਰ ਤੋਂ ਧੁਰ ਅੰਦਰ ਤੱਕ ਪਰੇਸ਼ਾਨ ਹੋ ਚੁੱਕੇ ਹਨ ਅਤੇ ਗੁੱਸੇ ਵਿੱਚ ਹਨ। ਉਹਨਾਂ ਇਸ ਦੀ ਇੱਕ ਉਦਾਹਰਨ ਦਿੰਦਿਆਂ ਦੱਸਿਆ ਕਿ ਇਸ ਹਫਤੇ ਦੇ ਸ਼ੁਰੂ ਵਿੱਚ ਅਲਬਰਟਾ ਦੀ ਰਾਈਡਿੰਗ - ਲਡਸ ਡਿਡਸਬਰੀ ਥਰੀ ਹਿੱਲਜ਼ ਦੀ ਜ਼ਿਮਨੀ ਚੋਣ ਵਿੱਚ ਵੱਖਵਾਦੀ ਉਮੀਦਵਾਰ ਨੂੰ ਲਗਭਗ 18 ਫੀਸਦੀ ਵੋਟਾਂ ਪਈਆਂ ਹਨ ਪ੍ਰੀਮੀਅਰ ਨੇ ਆਖਿਆ ਕਿ ਕੈਨੇਡਾ ਤੋਂ ਵੱਖ ਹੋਣ ਸਬੰਧੀ ਭਾਵਨਾਵਾਂ ਨੂੰ ਇੰਨੇ ਉੱਚੇ ਪੱਧਰ ਤੇ ਮੈਂ ਕਦੇ ਵੀ ਨਹੀਂ ਦੇਖਿਆ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸੇ ਰਾਈਡਿੰਗ ਤੇ 1982 ਵਿੱਚ ਹੋਈ ਜਿਮਨੀ ਚੋਣ ਵਿੱਚ ਵੱਖਵਾਦੀ ਉਮੀਦਵਾਰ 40 ਫੀਸਦੀ ਵੋਟਾਂ ਲੈ ਕੇ ਜੇਤੂ ਰਿਹਾ ਸੀ ਜਦੋਂ ਪ੍ਰੀਮੀਅਰ ਨੂੰ ਇਹ ਪੁੱਛਿਆ ਗਿਆ ਕਿ ਸੂਬੇ ਦੇ ਲੋਕਾਂ ਦੇ ਅੰਦਰ ਇਹ ਜੋ ਭਾਵਨਾ ਉਪਜ ਰਹੀ ਹੈ ਇਸ ਨੂੰ ਖਤਮ ਕਿਵੇਂ ਕੀਤਾ ਜਾ ਸਕਦਾ ਹੈ ਤਾਂ ਪ੍ਰੀਮੀਅਰ ਨੇ ਅੱਗੋਂ ਆਖਿਆ ਕਿ ਇਸ ਦੀ ਜ਼ਿੰਮੇਵਾਰੀ ਫੈਡਰਲ ਸਰਕਾਰ ਦੀ ਬਣਦੀ ਹੈ।

## ਸਰੀ ਵਿੱਚ ਫ਼ਿਰ ਹੋਈ ਗੋਲੀਬਾਰੀ – ਇੱਕ ਵਿਅਕਤੀ ਦੀ ਮੌਤ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀਆਂ ਦੀ ਵੱਡੀ ਵਸੋਂ ਵਾਲੇ ਸ਼ਹਿਰ ਸਰੀ ਵਿੱਚ ਇੱਕ ਵਾਰ ਫਿਰ ਗੋਲੀਬਾਰੀ ਹੋਈ ਹੈ ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋਈ ਹੈ। ਸਰੀ ਪੁਲਿਸ ਸਰਵਿਸ ਨੇ ਇਸ ਵਾਰਦਾਤ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ 108 ਐਵੇਨਿਊ ਦੇ ਨੇੜੇ 129 ਸਟਰੀਟ ਤੇ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ ਜਦੋਂ ਪੁਲਿਸ ਅਧਿਕਾਰੀ ਉਸ ਇਲਾਕੇ ਵਿੱਚ ਪੁੱਜੇ ਤਾਂ ਉੱਥੇ ਇੱਕ ਵਿਅਕਤੀ ਗੋਲੀਆਂ ਲੱਗਣ ਕਾਰਨ ਗੰਭੀਰ ਜ਼ਖਮੀ ਹਾਲਤ ਵਿੱਚ ਮਿਲਿਆ ਉਸ ਨੂੰ ਬਚਾਉਣ ਦੀ ਕਾਫੀ ਕੋਸ਼ਿਸ਼ ਕੀਤੀ ਗਈ ਪਰ ਜਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਇਹ ਵਿਅਕਤੀ ਦਮ ਤੋੜ ਗਿਆ। ਪੁਲਿਸ ਨੇ ਦੱਸਿਆ ਹੈ ਕਿ ਇਸ ਸਾਲ ਇਕੱਲੇ ਸਰੀ ਸ਼ਹਿਰ ਵਿੱਚ ਹੀ ਗੋਲੀਬਾਰੀ ਨਾਲ ਹੋਈ ਚੌਥੀ ਹੱਤਿਆ ਹੈ। ਇਸ ਹੱਤਿਆ ਪਿਛਲੇ ਕਾਰਨ ਦਾ ਪਤਾ ਤਾਂ ਨਹੀਂ ਲੱਗ ਸਕਿਆ ਪਰ ਪੁਲਿਸ ਦਾ ਮੰਨਣਾ ਹੈ ਕਿ ਇਹ ਗੋਲੀਬਾਰੀ ਮਿਥ ਕੇ ਕੀਤੀ ਗਈ ਹੈ। ਪੁਲਿਸ ਨੇ ਲੋਕਾਂ ਕੋਲੋਂ ਸਹਿਯੋਗ ਮੰਗਿਆ ਹੈ ਕਿ ਜੇਕਰ ਕਿਸੇ ਕੋਲ ਵੀ ਕੋਈ ਜਾਣਕਾਰੀ ਹੋਵੇ ਜਾਂ ਕਿਸੇ ਡੈਸ਼ ਕਾਇਮ ਦੇ ਵਿੱਚ ਕੋਈ ਫੁਟੇਜ ਹੋਵੇ ਤਾਂ ਉਹ ਪੁਲਿਸ ਨਾਲ ਸਾਂਝੀ ਕੀਤੀ ਜਾਵੇ ਜਾਂ ਫਿਰ 1-877-551- 4448 ਨੰਬਰ ਤੇ ਸੂਚਨਾ ਦਿੱਤੀ ਜਾਵੇ ।

## ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਚੀਨ ਨੇ ਆਪਣੇ ਤਿੰਨ ਵੱਡੇ ਫੌਜੀ ਅਧਿਕਾਰੀ ਬਰਖ਼ਾਸਤ ਕੀਤੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਨੇ ਭ੍ਰਿਸ਼ਟਾਚਾਰ ਵਿਰੋਧੀ ਪ੍ਰੋਗਰਾਮ ਦੇ ਤਹਿਤ ਤਿੰਨ ਸੀਨੀਅਰ ਫੌਜੀ ਅਧਿਕਾਰੀਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਦਿੱਤਾ ਹੈ । ਇਨ੍ਹਾਂ ਵਿੱਚ ਜਨਰਲ ਮਿਆ-ਹੂਆ, ਨੇਵੀ ਚੀਫ਼ ਆਫ਼ ਸਟਾਫ਼ ਵਾਈਸ ਐਡਮਿਰਲ ਲੀ ਹੰਜੁਨ ਅਤੇ ਚਾਈਨਾ ਨੈਸ਼ਨਲ ਨਿਊਕਲੀਅਰ ਕਾਰਪੋਰੇਸ਼ਨ ਦੇ ਡਿਪਟੀ ਚੀਫ਼ ਇੰਜੀਨੀਅਰ ਲਿਊ ਸ਼ਿਪੇਂਗ ਸ਼ਾਮਲ ਹਨ। ਹਾਂਗਕਾਂਗ ਦੇ ਅਖਬਾਰ ਸਾਊਥ ਚਾਈਨਾ ਮਾਰਨਿੰਗ ਪੋਸਟ ਦੇ ਅਨੁਸਾਰ, ਭ੍ਰਿਸ਼ਟਾਚਾਰ ਕਾਰਨ ਤਿੰਨ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ । ਇਨ੍ਹਾਂ ਸਾਰਿਆਂ ਨੂੰ ਚੀਨੀ ਸੰਸਦ ਨੈਸ਼ਨਲ ਪੀਪਲਜ਼ ਕਾਂਗਰਸ (ਐਨਪੀਸੀ) ਨੇ ਬਰਖਾਸਤ ਕੀਤਾ ਹੈ । ਚੀਨ ਨੂੰ ਡਰ ਹੈ ਕਿ ਭ੍ਰਿਸ਼ਟਾਚਾਰ ਕਾਰਨ ਚੀਨੀ ਫੌਜ ਕਮਜ਼ੋਰ ਹੋ ਰਹੀ ਹੈ। ਇਸ ਲਈ, 2023 ਤੋਂ ਫੌਜ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਚੱਲ ਰਹੀ ਹੈ। ਇਸ ਦੇ ਤਹਿਤ, ਹੁਣ ਤੱਕ ਲਗਭਗ 10 ਜਨਰਲਾਂ ਅਤੇ ਕਈ ਅਧਿਕਾਰੀਆਂ ਨੂੰ ਹਟਾ ਦਿੱਤਾ ਗਿਆ ਹੈ।

# ਕੈਨੇਡਾ ਦੇ ਕੌਮੀ ਮੂਲਨਿਵਾਸੀ ਮਹੀਨੇ ਅਤੇ ਕੌਮੀ ਦਿਵਸ ਬਾਰੇ ਪ੍ਰੋਗਰਾਮ ਕੀਤੇ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜੂਨ ਮਹੀਨੇ ਵਿੱਚ "ਨੈਸ਼ਨਲ ਇੰਡੀਜੀਨਸ ਹਿਸਟਰੀ ਮੰਥ'' ਵੱਜੋਂ ਅਨੇਕਾਂ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਸ ਤੋਂ ਇਲਾਵਾ ਸਾਲ ਦਾ ਸਭ ਤੋਂ ਵੱਡਾ ਦਿਨ 21 ਜੂਨ, ਵੱਡੇ ਪੱਧਰ ਤੇ ''ਨੈਸ਼ਨਲ ਇੰਡੀਜਨੱਸ ਡੇ'' ਵੱਜੋਂ ਮਨਾਇਆ ਗਿਆ। ਇਸ ਦਿਨ ਕੈਲਗਰੀ ਦੇ ਹੈਰੀਟੇਜ ਪਾਰਕ ਵਿਖੇ ਕੈਲਗਰੀ ਯੂਨੀਵਰਸਿਟੀ ਵੱਲੋਂ ਗੀਤ-ਸੰਗੀਤ ਦਾ ਸਮਾਗਮ ਕਰਵਾਇਆ ਗਿਆ ਜਿੱਥੇ ਮੰਨੇ-ਪ੍ਰਮੰਨੇ ਕਲਾਕਾਰਾਂ ਨੇ ਖਚਾ-ਖਚ ਭਰੇ ਹਾਲ ਵਿੱਚ ਫ਼ਨ ਦਾ ਮੁਜ਼ਾਹਰਾ ਕੀਤਾ। ਇਨ੍ਹਾਂ ਮੌਕੇ ਸ਼ਾਮਿਲ ਹਸਤੀਆਂ, ਸਟੋਨੀ-ਨਕੋਡਾ ਨੇਸ਼ਨ ਦਾ ਢੋਲ ਵਜਾਉਣ ਵਾਲ਼ਾ ਅਈਯਾ-ਹਈਯਾ ਗਰੁਪ, ਮੇਟੀ ਸਰਕਾਰ ਦਾ ਸਿਟੀਜ਼ਨ, ਯੂਨੀਵਰਸਿਟੀ ਵਿਖੇ ''ਇੰਟਰਨੈਸ਼ਨਲ ਇੰਡੀਜੀਨੱਸ ਸਟੱਡੀਜ਼ ਪ੍ਰੋਗਰਾਮ'' ਦਾ ਡਾਇਰੈਕਟਰ, ਗੀਤਕਾਰ, ਸੰਗੀਤਕਾਰ, ਸਕਾਲਰ - ਕਰੇਗ ਜਿੰਨ, ਸਾਲਿਸ਼ ਅਤੇ ਬਲੈਕਫੀਟ ਦਾ ਹਿਪ-ਹਾਪ ਕਲਾਕਾਰ ਤੇ ਕਹਾਣੀਵੇਤਾ - ਫੋਰ-ਸ਼ੈਡੋਅ, ਦੱਖਣੀ ਪੀਗਨ ਨੇਸ਼ਨ ਤੋਂ ਯੂਨੀਵਰਸਿਟੀ ਵਿੱਚ ਡਾਕਟ੍ਰੇਟ ਦਾ ਵਿਦਿਆਰਥੀ ਗੀਤਕਾਰ, ਅਦਾਕਾਰ ਅਤੇ ਫਿਲਮਸਾਜ਼ ਕੇਸੀਤਾਈਕਾਈਨਾ, ਗੀਤਕਾਰ, ਗਾਇਕ, ਗਿਟਾਰਵਾਦਕ ਘੋਸਟਕੀਪਰ ਬੈਂਡ ਦਾ ਸ਼ੇਨ ਘੋਸਟਕੀਪਰ ਨੇ ਆਪੋ ਆਪਣੀ ਕਲਾ ਦਾ ਮੁਜਾਹਿਰਾ ਕੀਤਾ। । ਪ੍ਰੋਗਰਾਮ ਦਾ ਸੰਚਾਲਨ ਯੂਨੀਵਰਸਿਟੀ ਤੋਂ "ਇੰਡੀਜੀਨੱਸ ਐਂਗੇਜਮੈਂਟ'' ਵਿਭਾਗ ਦੇ ਜਿਰਾਲਡ ਰੈਂਟ ਅਤੇ




ਹੈਰੀਟੇਜ ਪਾਰਕ ਦੀ ਅਨੀਤਾ ਕਰੋਅ-ਸ਼ੂਅ ਨੇ ਕਮਾਲ ਦੀ ਮੁਹਾਰਤ ਨਾਲ਼ ਕੀਤਾ। ਨੈਸ਼ਨਲ ਇੰਡੀਜੀਨਸ ਹਿਸਟਰੀ ਮੰਥ ਵੱਲੋਂ ਮਨਾਏ ਜਾ ਇਹਨਾਂ ਦਿਨਾਂ ਸਬੰਧੀ ਸ: ਜਗਦੇਵ ਸਿੰਘ ਸਿੱਧੂ ਜੋ ਕਿ ਕਨੇਡਾ ਦੇ ਮੂਲ ਨਿਵਾਸੀ ਭਾਈਚਾਰੇ ਨਾਲ ਨੇੜਲੇ ਸਬੰਧ ਰੱਖਦੇ ਹਨ ਉਹਨਾਂ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਦੱਸਿਆ ਕਿ ਇਸ ਤੋਂ ਇਲਾਵਾ 25 ਜੂਨ ਨੂੰ ਜੈਨੇਸਿਸ ਕੰਪਲੈਕਸ ਦੇ ਮੈਦਾਨ ਵਿੱਚ ਪਾ? ਵਾ? ਡਾਂਸ ਦੀ ਪਹਿਲੀ ਪ੍ਰਦਰਸ਼ਨੀ ਕੋਆਰਡੀਨੇਟਰ 'ਆਟਮ ਈਗਲ ਸਪੀਕਰ' ਨੇ ਆਯੋਜਿਤ ਕੀਤੀ ਸੀ। ਜਿਸ ਵਿੱਚ ਮਾਹਿਰ ਨਚਾਰਾਂ ਚਿਕਨ ਡਾਂਸ - ਸਿਗਸਿਗਾਹ ਨੇਸ਼ਨ ਦੇ ਨੱਗਟ ਬੁਲ-ਬੇਅਰ ਅਤੇ ਸਟੋਨੀ-ਨਕੋਡਾ ਦੇ ਰੂਡੀ ਬੈਂਜੇਮਿਨ, ਔਰਤਾਂ ਦਾ ਰਵਾਇਤੀ ਨਾਚ -ਸਿਗਸਿਗਾਹ ਬੇਅਰਸਪਾਅ ਫ਼ਸਟ ਨੇਸ਼ਨ, ਕਰੋਅ ਅਤੇ ਸੂਤੀਨਾ ਨੇਸ਼ਨ ਦੀ ਥੈਰੇਸਾ ਡੇਨੀਅਲਜ਼, ਜਿੰਗਲ ਡਾਂਸ - ਸਿਗਸਿਗਾਹ ਦੀ ਕਈ ਚੈਂਪੀਅਨਸ਼ਿਪ ਦੀ ਜੇਤੂ ਸ਼ੈਰੀ ਵੂੱਡਜ਼, ਡਰੱਮਰਜ਼ - ਬਲੈਕਫੁੱਟ ਦੇ ਕਲਾਰੈਂਸ ਜੂਨੀਅਰ, ਕੋਅਲ ਹੈਲੀ, ਅਤੇ ਬ੍ਰਾਈਸਨ ਬ੍ਰੇਕਰ ਨੇ ਰਵਾਇਤੀ ਨਾਚਾਂ ਦੇ ਨਮੂਨੇ ਪੇਸ਼ ਕੀਤੇ। ਇਹ ਨਾਚ-ਗਾਣੇ ਆਦਿ-ਕਾਲ਼ ਤੋਂ ਇਨ੍ਹਾਂ ਦੁਆਰਾ ਕੁਦਰਤ ਅਤੇ ਸਿਰਜਣਹਾਰ (ਕਰੀਏ) ਨਾਲ਼ ਜੁੜਨ ਅਤੇ ਰਵਾਇਤੀ ਤਿਉਹਾਰ ਮਨਾਉਣ ਦਾ ਸਾਧਨ ਮੰਨੇ ਜਾਂਦੇ ਹਨ। ਪ੍ਰੋਗਰਾਮ ਦਾ ਸੰਚਾਲਨ ਯੂਨੀਵਰਸਿਟੀ ਤੋਂ '' ਇੰਡੀਜੀਨੱਸ ਐਂਗੇਜਮੈਂਟ'' ਵਿਭਾਗ ਦੇ ਜਿਰਾਲਡ ਰੈਂਟ ਅਤੇ ਹੈਰੀਟੇਜ ਪਾਰਕ ਦੀ ਅਨੀਤਾ ਕਰੋਅ-ਸ਼ੂਅ ਨੇ ਕਮਾਲ ਦੀ ਮੁਹਾਰਤ ਨਾਲ਼ ਕੀਤਾ।







# 'ਇੱਕ ਸੁਰੀਲੀ ਤਾਨ ਦਾ ਵਾਅਦਾ' ਨਾਟਕ ਨੇ ਕੈਨੇਡੀਅਨ ਭਾਰਤੀ ਸਮਾਜ ਵਿਚਲੇ ਕੋਝੇ ਕਿਰਦਾਰਾਂ ਨੂੰ ਬੇ-ਨਕਾਬ ਕੀਤਾ




ਸਰੀ, (ਹਰਦਮ ਮਾਨ)–ਬੀਤੇ ਦਿਨੀ ਥੈਸਪਿਸ ਆਰਟਸ ਕਲੱਬ ਸਰੀ ਵੱਲੋਂ ਡੈਲਟਾ ਰੀਕ੍ਰੀਏਸ਼ਨ ਸੈਂਟਰ ਡੈਲਟਾ ਦੇ ਥੀਏਟਰ ਵਿੱਚ ਪੰਜਾਬੀ ਨਾਟਕ 'ਇੱਕ ਸੁਰੀਲੀ ਤਾਨ ਦਾ ਵਾਅਦਾ' ਖੇਡਿਆ ਗਿਆ। ਇਹ ਨਾਟਕ ਕਨੇਡਾ ਵਿੱਚ ਭਾਰਤੀ ਭਾਈਚਾਰੇ ਦੇ ਲਾਲਚੀ, ਸ਼ੈਤਾਨ, ਠੱਗ ਅਤੇ ਦੋਹਰੇ ਕਿਰਦਾਰ ਵਾਲੇ ਚਿਹਰਿਆਂ ਨੂੰ ਉਘਾੜਨ ਵਿੱਚ ਬੇਹੱਦ ਸਫਲ ਰਿਹਾ। ਹਰਪ੍ਰੀਤ ਸੇਖਾ ਦੀ ਕਹਾਣੀ 'ਵੀਡਜ' ਉੱਪਰ ਅਧਾਰਤ ਇਸ ਨਾਟਕ ਦਾ ਰੂਪਾਂਤਰਨ ਕੇ ਪੀ ਸਿੰਘ ਨੇ ਕੀਤਾ ਅਤੇ ਜਸਕਰਨ ਨੇ ਇਸ ਨਾਟਕ ਦਾ ਨਿਰਦੇਸ਼ਨ ਕੀਤਾ। ਨਾਟਕ ਵਿੱਚ ਦਰਸਾਇਆ ਗਿਆ ਕਿ ਭਾਈਚਾਰੇ ਵੱਲੋਂ ਲੰਮੇ ਸੰਘਰਸ਼ ਤੋਂ ਬਾਅਦ ਸਥਾਪਿਤ ਕੀਤੇ ਇਕ ਸਥਾਨਕ ਰੇਡੀਓ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸੋਸ਼ਣ ਕਰਨ ਵਾਲੇ ਕਾਰੋਬਾਰੀਆਂ, ਇਮੀਗਰੇਸ਼ਨ ਏਜੰਟਾਂ ਵੱਲੋਂ ਕੀਤੀ ਜਾ ਰਹੀ ਲੁੱਟ, ਰੈਸਟੋਰੈਂਟਾਂ ਅਤੇ ਹੋਰ ਕਾਰੋਬਾਰੀ ਸਥਾਨਾਂ 'ਤੇ ਲੜਕੀਆਂ ਦੇ ਹੋ ਰਹੇ ਜਿਣਸੀ ਸੋਸ਼ਣ ਆਦਿ ਦੀ ਸੱਚਾਈ ਨੂੰ ਸਾਹਮਣੇ ਲਿਆਉਣ ਦੀ ਬਜਾਏ ਆਪਣੇ ਇਸ਼ਤਿਹਾਰਾਂ ਖਾਤਰ ਲੁਟੇਰੇ ਲੋਕਾਂ ਦੇ ਕੋਝੇ ਕਿਰਦਾਰਾਂ ਉੱਪਰ ਪਰਦਾ ਪਾਉਣ ਦਾ ਕਾਰਜ ਕਰਦਾ ਹੈ। ਨਾਟਕ ਦੇ ਸਾਰੇ ਪਾਤਰਾਂ ਨੇ ਆਪਣੀ ਭੂਮਿਕਾ ਬਹੁਤ ਹੀ ਖ਼ੂਬਸੂਰਤੀ ਨਾਲ ਨਿਭਾਈ। ਸਮੁੱਚੇ ਨਾਟਕ ਦੀ ਪਿੱਠਭੂਮੀ ਵਿਚ ਗਾਇਕ ਗ਼ੁਲਾਮ ਅਲੀ ਵੱਲੋਂ ਪੇਸ਼ ਕੀਤੀ ਗਈ ਪੰਜਾਬੀ ਦੇ ਨਾਮਵਰ ਗ਼ਜ਼ਲਗੋ ਜਸਵਿੰਦਰ ਦੀ ਗ਼ਜ਼ਲ 'ਇਕ ਸੁਰੀਲੀ ਤਾਨ ਦਾ ਵਾਅਦਾ...' ਨੇ ਵੀ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ।

# ਇੱਕਾ ਸੁਸਾਇਟੀ ਵਾਲਿਆਂ ਨੇ ਫਾਦਰ ਡੇਅ ਮਨਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਇੱਕਾ ਸੀਨੀਅਰ ਸਿਟੀਜਨ ਸੋਸਾਇਟੀ ਦੇ ਹਾਲ ਵਿੱਚ ਫਾਦਰ ਡੇ ਅਤੇ ਬਜ਼ੁਰਗਾਂ ਦੀਆਂ ਸਮੱਸਿਆਵਾਂ ਤੇ ਚਰਚਾ ਕਰਨ ਲਈ ਇੱਕ ਸਮਾਗਮ ਹੋਇਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਬਜ਼ੁਰਗਾਂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੇ ਆਰੰਭ ਵਿੱਚ ਸੰਸਥਾ ਦੇ ਜਰਨਲ ਸਕੱਤਰ ਮੇਜਰ ਸਿੰਘ ਧਾਲੀਵਾਲ ਨੇ ਹਾਜ਼ਰੀਨ ਨੂੰ ਜੀ ਆਇਆ ਕਹਿ ਕੇ ਸਵਾਗਤ ਕੀਤਾ। ਇਸ ਤੋਂ ਉਪਰੰਤ ਜਰਨੈਲ ਸਿੰਘ ਤੱਗੜ ਨੇ ਸਮਾਜ ਵਿੱਚ ਵਾਪਰ ਰਹੀਆਂ ਬੁਰਾਈਆਂ ਅਤੇ ਸੱਚੇ ਪ੍ਰੇਮ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਪ੍ਰਿੰਸੀਪਲ ਸਤਪਾਲ ਕੌਸ਼ਲ ਨੇ ਇੱਕ ਕਵਿਤਾ ਰਾਹੀਂ ਪਿਤਾ ਦੀਆਂ ਵਿਸ਼ੇਸ਼ਤਾਈਆਂ ਬਾਰੇ ਜਾਣਕਾਰੀ ਦਿੱਤੀ। ਮੇਜਰ ਸਿੰਘ ਧਾਲੀਵਾਲ ਨੇ ਇੱਕ ਲਤੀਫਾ ਸੁਣਾਇਆ ਅਤੇ ਪਿਓ ਤੋਂ ਬਿਨਾਂ ਕਿਸੇ ਪੁੱਤਰ ਨਹੀਂ ਕਹਿਣਾ ਨਾਂ ਦੀ ਕਵਿਤਾ ਵੀ ਸੁਣਾਈ। ਬਿੱਕਰ ਸਿੰਘ ਸੰਧੂ ਨੇ ਬਜ਼ੁਰਗਾਂ ਦੀਆਂ ਸਮੱਸਿਆਵਾਂ ਬਾਰੇ ਦੱਸਿਆ। ਵਰਨਣਯੋਗ ਹੈ ਕਿ ਸ: ਬਿੱਕਰ ਸਿੰਘ ਸੰਧੂ ਹੋਰਾਂ ਨੇ ਕਈਆਂ ਬਜ਼ੁਰਗਾਂ ਦੇ ਘਰ ਜਾ ਕੇ ਵੀ ਉਹਨਾਂ ਦੇ ਮਸਲੇ ਹੱਲ ਕੀਤੇ ਹਨ, ਇਸ ਬਾਰੇ ਵੀ ਉਹਨਾਂ ਨੇ ਆਪਣੇ ਤਜ਼ਰਬੇ ਹਾਜ਼ਰੀਨ ਨਾਲ ਸਾਂਝੇ ਕੀਤੇ। ਸਾਰੇ ਪ੍ਰੋਗਰਾਮ ਨੂੰ ਸਰੋਤਿਆਂ ਨੇ ਬੜੇ ਧਿਆਨ ਨਾਲ ਸੁਣਿਆ। ਆਪਣੇ ਰੁਝੇਵਿਆਂ ਕਾਰਣ ਗੈਰਹਾਜਿਰ ਰਹੇ ਮਾਸਟਰ ਬਚਿੱਤਰ ਸਿੰਘ ਦੀ ਘਾਟ ਮਹਿਸੂਸ ਕੀਤੀ ਗਈ। ਸੰਸਥਾ ਦੇ ਪ੍ਰੈਜੀਡੈਂਟ ਮੋਤਾ ਸਿੰਘ ਮਨਹਾਸ ਹਾਜ਼ਰ ਨਾ ਹੋਣ ਕਰਕੇ ਮੇਜਰ ਸਿੰਘ ਧਾਲੀਵਾਲ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਖਾਣ ਪੀਣ ਦਾ ਚੰਗਾ ਪ੍ਰਬੰਧ ਕੀਤਾ ਗਿਆ ਸੀ ਜਿਸ ਦੀ ਸੇਵਾ ਦਰਸ਼ਨ ਸਿੰਘ ਔਲਖ, ਸੁਰਮਖ ਸਿੰਘ ਕੂਨਰ, ਮੋਠਾ ਰਾਮ ਸ਼ਰਮਾ ਅਤੇ ਸਰਿੰਦਰ ਸੂਰੀ ਨੇ ਨਿਭਾਈ।

# ਕੈਨੇਡੀਅਨ ਪੰਜਾਬੀ ਮੀਡੀਆ ਸ਼ਖਸੀਅਤ ਡਾਕਟਰ ਬਲਜਿੰਦਰ ਸਿੰਘ ਸੇਖੋਂ ਦਾ ਦਿਹਾਂਤ



ਟੋਰਾਂਟੋ (ਬਲਜਿੰਦਰ ਸੇਖਾ ) ਬਹੁਤ ਹੀ ਬੁਰੀ ਖ਼ਬਰ ਹੈ ਕਿ ਡਾ ਬਲਜਿੰਦਰ ਸੇਖੋਂ ਸਾਡੇ ਵਿਚ ਨਹੀਂ ਰਹੇ । ਕੈਨੇਡਾ ਨਿਵਾਸੀ ਡਾਕਟਰ ਸੇਖੋਂ ਦਾ ਦਿਹਾਂਤ ਪੰਜਾਬ ਦੇ ਸ਼ਹਿਰ ਬਠਿੰਡਾ ਵਿਖੇ ਹੋਇਆ । ਡਾਕਟਰ ਸੇਖੋਂ ਇੱਕ ਸੁਲਝੇ ਬੁੱਧੀਜੀਵੀ ਤੇ ਰੋਸ਼ਨਾਲਿਸਟ ਲਹਿਰ ਲਈ ਸਮਰਪਿਤ ਸਖਸੀਅਤ ਸਨ। ਉਹ ਕੀਟ ਵਿਗਿਆਨ ਦੇ ਪ੍ਰੋਫੈਸਰ ਸਨ। ਉਹਨਾਂ ਖੇਤੀ ਯੂਨੀਵਰਸਿਟੀ ਲੁਧਿਆਣਾ ਅਤੇ ਬਠਿੰਡਾ ਵਿਖੇ ਪੜ੍ਹਾਇਆ । ਉਹ ਕੁਝ ਸਾਲਾਂ ਤੋਂ ਕਨੇਡਾ ਰਹਿ ਰਹੇ ਸਨ। ਇੱਥੋਂ ਦੀਆਂ ਸਮਾਜਿਕ ਸੰਸਥਾਵਾਂ ਵਿੱਚ ਬਹੁਤ ਸਰਗਰਮੀ ਨਾਲ ਵਿਚਰ ਰਹੇ ਸਨ।ਕਨੇਡਾ ਵਿੱਚ ਤਰਕਸ਼ੀਲ ਸੁਸਾਇਟੀ ਦੀ ਮਜ਼ਬੂਤੀ ਲਈ ਉਹਨਾਂ ਦਾ ਅਹਿਮ ਯੋਗਦਾਨ ਰਿਹਾ। ਇੰਡੀਆ ਗਏ ਹੋਏ ਸਨ ਜਿੱਥੇ ਉਹਨਾਂ ਦੇ ਡਿੱਗਣ ਕਾਰਨ ਚੂਲਾ ਟੁੱਟ ਗਿਆ ਸੀ ਜੋ ਕਾਫ਼ੀ ਠੀਕ ਹੋ ਗਿਆ ਸੀ ।ਇੱਕ ਸੁਲਝੀ ਸਖਸੀਅਤ ਦੇ ਜਾਣ ਦਾ ਬੇਹੱਦ ਦੁੱਖ ਹੈ। ਤਰਕਸ਼ੀਲ ਸੁਸਾਇਟੀ ਕਨੇਡਾ ਲਈ ਇਹ ਨਾ ਪੂਰਾ ਹੋਣ ਵਾਲਾ ਘਾਟਾ ਹੈ। ਸਾਡੇ ਨਾਲ ਇਹ ਜਾਣਕਾਰੀ ਬਲਵਿੰਦਰ ਬਰਨਾਲਾ ਨੇ ਸਾਂਝੀ ਕੀਤੀ

# ਕੈਨੇਡਾ ਨਾਲ ਚੱਲ ਰਹੀ ਵਪਾਰਕ ਗੱਲਬਾਤ ਫੌਰੀ ਤੌਰ 'ਤੇ ਰੋਕ ਦਿੱਤੀ ਹੈ -ਟਰੰਪ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਹ ਐਲਾਨ ਕਰ ਦਿੱਤਾ ਹੈ ਕਿ ਉਹਨਾਂ ਵੱਲੋਂ ਕੈਨੇਡਾ ਨਾਲ ਚੱਲ ਰਹੀ ਦਵੱਲੀ ਗੱਲ ਬਾਤ ਨੂੰ ਫੌਰੀ ਤੌਰ ਤੇ ਰੋਕਿਆ ਜਾ ਰਿਹਾ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਟਰੁਥ ਸੋਸ਼ਲ ਉੱਪਰ ਪਾਈ ਇੱਕ ਪੋਸਟ ਵਿੱਚ ਆਖਿਆ ਗਿਆ ਹੈ ਕਿ ਕੈਨੇਡਾ ਨਾਲ ਵਪਾਰ ਸਬੰਧੀ ਜਿੰਨੀ ਵੀ ਗੱਲਬਾਤ ਚੱਲ ਰਹੀ ਸੀ ਉਸ ਨੂੰ ਰੋਕਿਆ ਜਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਉਹਨਾਂ ਨੇ ਕੈਨੇਡਾ ਸਰਕਾਰ ਵੱਲੋਂ ਜੂਨ ਮਹੀਨੇ ਦੇ ਅੰਤ ਵਿੱਚ ਡਿਜੀਟਲ ਸਰਵਿਸ ਟੈਕਸ ਲਗਾਉਣ ਦੀ ਯੋਜਨਾ ਦੇ ਮੱਦੇ ਨਜ਼ਰ ਕੈਨੇਡਾ ਉੱਪਰ ਨਵੇਂ ਟੈਰਿਫ ਲਗਾਉਣ ਦੀ ਧਮਕੀ ਵੀ ਦਿੱਤੀ ਹੈ। ਉਹਨਾਂ ਆਖਿਆ ਕਿ ਅਮਰੀਕਾ ਵੱਲੋਂ ਕੈਨੇਡਾ ਨੂੰ ਨਵੇਂ ਟੈਰਫਾਂ ਬਾਰੇ ਇੱਕ ਹਫਤੇ ਦੇ ਅੰਦਰ ਸੂਚਿਤ ਕਰ ਦਿੱਤਾ ਜਾਵੇਗਾ ਉਹਨਾਂ ਆਖਿਆ ਕਿ ਕੈਨੇਡਾ ਵੱਲੋਂ ਲਗਾਇਆ ਜਾਣ ਵਾਲਾ ਡਿਜੀਟਲ ਸਰਵਿਸ ਸਰ ਟੈਕਸ ਸਾਡੇ ਦੇਸ਼ ਉੱਪਰ ਸਿੱਧਾ ਅਤੇ ਸਪਸ਼ਟ ਹਮਲਾ ਹੈ। ਵਰਨਣ ਯੋਗ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਜੂਨ ਮਹੀਨੇ ਦੇ ਸ਼ੁਰੂ ਵਿੱਚ ਜ਼ਿਕਰ ਕੀਤਾ ਸੀ ਕਿ ਕੈਨੇਡਾ ਤੇ ਅਮਰੀਕਾ ਵਿਚਾਲੇ ਚੱਲ ਰਹੀ ਵਪਾਰਕ ਲੜਾਈ ਨੂੰ ਖਤਮ ਕਰਨ ਲਈ ਦੋਵੇਂ ਦੇਸ਼ ਇੱਕ ਸਮਝੌਤੇ ਵੱਲ ਵਧ ਰਹੇ ਹਨ ਇੱਥੇ ਇਹ ਵੀ ਦੱਸ ਦਈਏ ਕਿ ਕੈਨੇਡਾ ਸਰਕਾਰ ਵੱਲੋਂ ਵੱਡੀਆਂ ਟੈਕਨੀਕ ਟੈਕਨੀਕਲ ਕੰਪਨੀਆਂ ਦੇ ਉੱਪਰ 30 ਜੂਨ ਤੋਂ ਡਿਜੀਟਲ ਸਰਵਿਸ ਟੈਕਸ ਲਗਾਉਣ ਦੀ ਯੋਜਨਾ ਸੀ।

# ਸਵ: ਕੇਸਰ ਸਿੰਘ ਨੀਰ ਨਮਿਤ ਸ਼ਰਧਾਜਲੀ ਸਮਾਗਮ 26 ਜੁਲਾਈ ਨੂੰ ਹੋਵੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਵੱਲੋਂ ਆਉਣ ਵਾਲੀ 26 ਜੁਲਾਈ 2025 ਨੂੰ ਇਸ ਸੰਸਥਾ ਦੇ ਬਾਨੀ ਸਵ: ਕੇਸਰ ਸਿੰਘ ਨੀਰ ਨਮਿੱਤ ਸ਼ਰਧਾਂਜਲੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਪ੍ਰਧਾਨ ਡਾ: ਜੋਗਾ ਸਿੰਘ ਸਹੋਤਾ ਨੇ ਦੱਸਿਆ ਕਿ ਇਹ ਸਮਾਗਮ ਉਸ ਦਿਨ ਦੁਪਹਿਰ 1 ਵਜੇ ਟੈਂਪਲ ਕਮਿਉਨਟੀ ਹਾਲ 167 ਟੈਂਪਲ ਗਰੀਨ ਰੋਡ ਨਾਰਥ ਈਸਟ ਕੈਲਗਰੀ ਵਿਖੇ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਦੇਸ਼ ਵਿਦੇਸ ਤੋਂ ਸਾਹਿਤ ਦੀ ਦੁਨੀਆਂ ਦੇ ਲਿਖਾਰੀ ਪੁੱਜ ਰਹੇ ਹਨ। ਇਸ ਮੌਕੇ ਸਾਰੀਆਂ ਸਾਹਿਤਕ ਸਮਾਜਿਕ ਜਥੇਬੰਦੀਆਂ ਅਤੇ ਸਮੁੱਚੇ ਸਾਹਿਤ ਪ੍ਰੇਮੀਆਂ ਖੁੱਲਾ ਸੱਦਾ ਹੈ ਕਿ ਆਓ ਆਪਾਂ ਸਾਰੇ ਰਲਮਿਲਕੇ ਕੈਲਗਰੀ ਦੇ ਹੀ ਸਗੋਂ ਸਮੁੱਚੇ ਪੰਜਾਬੀ ਸਾਹਿਤ ਦੇ ਨਾਮਵਰ ਸ਼ਾਇਰ ਸਵ: ਕੇਸਰ ਸਿੰਘ ਨੀਰ ਨੂੰ ਯਾਦ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕਰੀਏ । ਹੋਰ ਜਾਣਕਾਰੀ ਲਈ ਡਾ: ਜੋਗਾ ਸਿੰਘ ਸਹੋਤਾ 403 207 4412 ਜਾਂ ਜਸਵੰਤ ਸਿੰਘ ਸੇਖੋਂ 403 681 3132 ਫੋਨ ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।













# ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੇ 85 ਮੈਂਬਰਾਂ ਨੇ ਹੈਰੀਟੇਜ ਪਾਰਕ ਦਾ ਟੂਰ ਕੀਤਾ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੇ ਤਕਰੀਬਨ 85 ਮੈਂਬਰਾਂ ਨੂੰ ਦੋ ਬੱਸਾਂ ਰਾਹੀਂ ਸਵੇਰੇ ਗਿਆਰਾਂ ਵਜੇ ਹੈਰੀਟੇਜ ਪਾਰਕ ਪਹੁੰਚਾਇਆ ਗਿਆ, ਜਿੱਥੇ ਦੁਪਹਿਰ ਬਾਦ ਚਾਰ ਵਜੇ ਤੱਕ ਹੈਰੀਟੇਜ ਪਾਰਕ ਵਿੱਚ ਉਪਲੱਭਦ ਸਾਰੀਆਂ ਸੁਵਿਧਾਵਾਂ ਤੇ ਸਹੂਲਤਾਂ ਦਾ ਸਾਰੇ ਬਜੁਰਗਾਂ ਮਰਦ ਔਰਤਾਂ ਨੇ ਆਨੰਦ ਮਾਣਿਆ। ਜਿਸ ਵਿੱਚ ਲੋਕੋਮੋਟਿਵ ਟਰੇਨ ਦੇ ਝੂਟੇ, ਫੈਰੀ ਵਿੱਚ ਸਵਾਰ ਹੋ ਕੇ ਲੇਕ ਦਾ ਚੱਕਰ ਅਤੇ ਕਈ ਤਰਾਂ ਦੇ ਝੂਲਿਆਂ ਦੀ ਸਵਾਰੀ ਵੀ ਸ਼ਾਮਿਲ ਸੀ। ਦੁਪਹਿਰ ਡੇਢ ਵਜੇ ਸਾਰਿਆਂ ਲਈ ਸਬਵੇਅ ਫੂਡ ਸਟੋਰ ਤੋਂ ਤਾਜਾ ਖਾਣਾ ਮੰਗਵਾਕੇ ਲੰਚ ਪਰੋਸਿਆ ਗਿਆ, ਚਾਹ ਵਰਤਾਈ ਗਈ ਅਤੇ ਚਾਰ ਵਜੇ ਬੱਸਾਂ ਰਾਹੀਂ ਵਾਪਿਸ ਕੈਲਗਰੀ ਸਹਿਰ ਦੇ ਨਾਰਥ ਈਸਟ ਏਰੀਆ ਨੂੰ ਚਾਲੇ ਪਾ ਦਿੱਤੇ। ਸਾਰੇ ਮੈਬਰਾਂ ਲਈ ਹੈਰੀਟੇਜ ਪਾਰਕ ਦਾ ਇਹ ਟਰਿੱਪ ਯਾਦਗਾਰੀ ਹੋ ਨਿਬੜਿਆ।

# ਨਾਰਥ ਕੈਲਗਰੀ ਸੀਨੀਅਰਜ਼ ਸੋਸਾਈਟੀ ਵਾਲਿਆਂ ਨੇ ਪਿਤਾ ਦਿਵਸ ਮਨਾਇਆ






ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੀ ਮੀਟਿੰਗ 25 ਜੂਨ ਨੂੰ ਲਿਵਿੰਗਸਟਨ ਕਮਿਊਨਿਟੀ ਸੈਂਟਰ ਵਿਖੇ ਹੋਈ ਜੋ ਪਿਤਾ-ਦਿਵਸ ਨੂੰ ਸਮਰਪਿਤ ਰਹੀ। ਪ੍ਰਧਾਨਗੀ ਕੁਲਵੰਤ ਰਾਏ ਸ਼ਰਮਾ, ਸੰਤੋਖ ਸਿੰਘ ਕੰਦੋਲਾ ਅਤੇ ਹਰਜਿੰਦਰ ਸਿੰਘ ਸੈਣੀ ਨੇ ਕੀਤੀ। ਅਰੰਭ ਗੁਰਮਿੰਦਰ ਕੌਰ ਦੁਆਰਾ ਸ਼ਬਦ-ਗਾਇਨ ਨਾਲ਼ ਹੋਈ - ਤੁਮ੍ਹੀਂ ਹੋ ਮਾਤਾ ਪਿਤਾ ਤੁਮ੍ਹੀਂ ਹੋ, ਤੁਮ੍ਹੀਂ ਹੋ ਬੰਧੂ ਸਖਾ ਤੁਮ੍ਹੀਂ ਹੋ। ਪ੍ਰਧਾਨ ਸੰਤੋਖ ਸਿੰਘ ਕੰਦੋਲਾ ਨੇ ਸਭ ਦਾ ਜੀ ਆਇਆਂ ਕਹਿ ਕੇ ਸਵਾਗਤ ਕੀਤਾ ਅਤੇ ਪਿਤਾ-ਦਿਵਸ ਦੀ ਵਧਾਈ ਦਿੱਤੀ। ਸਕੱਤਰ ਜਸਪਾਲ ਕੰਗ ਨੇ ਕਾਰਵਾਈ ਚਲਾਉਂਦਿਆਂ ਪਿਤਾ-ਦਿਵਸ ਦੀ ਅਹਿਮੀਅਤ ਦੱਸੀ। ਉਸ ਨੇ ਸਰੀਰ ਦੇ ਅੰਗਾਂ ਦੀ ਕਿਰਿਆ ਖਾਸ ਕਰ ਕੇ ਦਿਲ ਨਾਲ ਸੰਬੰਧਤ ਅਹਿਮ ਵਿਗਿਆਨਕ ਜਾਣਕਾਰੀ ਸਰਲ ਸ਼ਬਦਾਂ ਰਾਹੀਂ ਸਾਂਝੀ ਕਰ ਕੇ ਨਵੀਂ ਪਿਰਤ ਪਾਈ। ਸੁਖਮੰਦਰ ਗਿੱਲ ਨੇ ਪਿਤਾ ਦੀ ਸਿਫ਼ਤ ਵਿਚ ਗੀਤ ਸੁਣਾਇਆ - ਬਾਪੂ ਵਰਗੇ ਹੋਰ ਸਹਾਰੇ ਨਹੀਂ ਮਿਲਦੇ, ਬਾਪੂ ਨਾਲ਼ ਦੇ ਫੇਰ ਨਜ਼ਾਰੇ ਨਹੀਂ ਮਿਲਦੇ। ਵਿਜੇ ਸਚਦੇਵਾ ਨੇ ਫ਼ਿਲਮੀ ਗੀਤ, ਮੁਨੱਵਰ ਅਹਿਮਦ ਨੇ ਮਾਹੀਆ, ਡਾ: ਸਤਨਾਮ ਧੋਥੜ ਨੇ ਮਾਹੀਏ ਦੇ ਟੱਪੇ ਅਤੇ ਬਿੱਕਰ ਸਿੰਘ ਸੰਧੂ ਨੇ ਗੀਤ ਦੀ ਪੇਸ਼ਕਾਰੀ ਰਾਹੀਂ ਸੰਗੀਤਕ ਮਾਹੌਲ ਸਿਰਜਿਆ। ਜਨਾਬ ਤਾਰਿਕ ਮਲਿਕ ਨੇ ਕਿਹਾ ਹਮ ਸਭ ਕਾ ਬਾਪ ਏਕ ਹੈ। ਉਸ ਦਾ ਇਹ ਸ਼ੇਅਰ ਕਾਬਿਲੇ-ਜ਼ਿਕਰ ਹੈ - ਡੂਬ ਕਰ ਆਗ ਕੇ ਦਰਿਯਾ ਮੇਂ ਸਲਾਮਤ ਹੈ, ਮੁਝ ਕੋ ਇਸ ਫ਼ਨ ਮੇਂ ਮੁਹਾਰਤ ਹੈ। ਤਰਲੋਕ ਚੁੱਘ ਨੇ ਹਸਾਉਣ ਦੇ ਨਾਲ਼ ਸ਼ਿਅਰ ਵੀ ਫ਼ੁਰਮਾਇਆ - ਨਜ਼ਰ ਸਾਹਿਲ ਪੇ ਕਿਉਂ ਤੇਰੀ, ਅਰੇ ? ਡੂਬਨੇ ਵਾਲੇ, ਦਰਿਯਾ-ਏ-ਮੁਹੱਬਤ ਕਾ ਸਾਹਿਲ ਨਹੀਂ ਹੋਤਾ। ਕਰਮ ਸਿੰਘ ਭੁੱਲਰ ਨੇ ਲੋਕ-ਗੀਤ ਦੇ ਹਵਾਲੇ ਨਾਲ਼ ਬਾਬਲ ਪ੍ਰਤੀ ਸਭ ਨੂੰ ਭਾਵੁਕ ਕਰ ਦਿੱਤਾ - - ਮੇਰੇ ਪਿੰਡ ਦੇ ਟੇਸ਼ਣ ਤੇ ਨਹੀਂ ਰੁਕਦੀਆਂ ਰੇਲਾਂ / ਮੈਂ ਕਹਿ ਕੇ ਬਾਬਲ ਨੂੰ ਰੇਲਾਂ ਰੁਕਵਾਵਾਂ। ਰਮਨ ਗਿੱਲ ਅਤੇ ਬਲਜੀਤ ਪੰਧੇਰ ਨੇ ਆਪਣੀ ਨਿੱਜੀ ਜ਼ਿੰਦਗੀ ਵਿਚ ਪਿਤਾ ਦੇ ਯੋਗਦਾਨ ਨੂੰ ਯਾਦ ਕੀਤਾ। ਰੇਡੀ? ਰੈੱਡ-ਐਫ ਐਮ ਦੇ ਚੀਫ਼ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਨੇ ਬਾਪ ਨੂੰ ਬੋਹੜ ਦੀ ਸੰਗਿਆ ਦਿੱਤੀ ਜਿਸ ਦੀਆਂ ਡੂੰਘੀਆਂ ਜੜ੍ਹਾਂ ਅਤੇ ਸੰਘਣੀ ਛਾਂ ਸੁਖ ਅਤੇ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਮੈਂਬਰ ਪਾਰਲੀਮੈਂਟ ਦਲਵਿੰਦਰ ਗਿੱਲ ਨੇ ਖ਼ੂਬਸੂਰਤ ਅੰਦਾਜ਼ ਵਿਚ ਪਿਤਾ-ਦਿਵਸ ਦੀਆਂ ਵਧਾਈਆਂ ਪਰੋਸੀਆਂ। ਸਰਪ੍ਰਸਤ ਕੁਲਵੰਤ ਰਾਏ ਸ਼ਰਮਾ ਨੇ ਪਿਤਾ ਦੀ ਮਹਾਨ ਦੇਣ ਯਾਦ ਕਰਾਈ ਅਤੇ ਨਸੀਹਤ ਦਿੱਤੀ ਕਿ ਪਿਤਾ ਦੀ ਕਦਰ ਅਤੇ ਸੰਭਾਲ਼ ਕਰਨੀ ਔਲਾਦ ਦਾ ਫ਼ਰਜ਼ ਹੈ। ਜਗਦੇਵ ਸਿੱਧੂ ਨੇ ਯਾਦ ਕਰਾਇਆ ਕਿ ਜੂਨ ਦਾ ਮਹੀਨਾ ਇੱਥੋਂ ਦੇ ਮੂਲਨਿਵਾਸੀਆਂ ਦੇ ਇਤਿਹਾਸ ਦਾ ਮਹੀਨਾ ਕਰ ਕੇ ਮਨਾਇਆ ਜਾ ਰਿਹਾ ਹੈ। ਉਸ ਨੇ ਇੱਕ ਲੇਖਕ ਦੀ ਸੱਚੀ ਕਹਾਣੀ ਦੀ ਮਿਸਾਲ ਦੇ ਕੇ ਕਿਹਾ ਕਿ ਔਲ਼ਾਦ ਨੂੰ ਆਪਣੇ ਬਜ਼ੁਰਗ ਪਿਤਾ ਦੀ ਬੱਚਿਆਂ ਵਾਂਗ ਦੇਖਭਾਲ਼ ਅਤੇ ਸੰਭਾਲ਼ ਕਰਨੀ ਚਾਹੀਦੀ ਹੈ। ਇਸ ਮੌਕੇ ਜੂਨ ਮਹੀਨੇ ਜਨਮ-ਦਿਨ ਵਾਲ਼ੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਦਿੱਤੀਆਂ। ਸਾਰੇ ਪਿਤਾਵਾਂ ਨੂੰ ਵੀ ਸੁਗਾਤਾਂ ਦੇ ਕੇ ਪਿਤਾ-ਦਿਵਸ ਨੂੰ ਯਾਦਗਾਰੀ ਬਣਾਇਆ । ਲਾਹੌਰ ਤੋਂ ਆਏ ਹਮਸਾਏ ਜਨਾਬ ਮੁਹੰਮਦ ਸਈਦ ਵੜੈਚ ਨੇ ਗੱਲ ਬਾਤ ਕਰਦਿਆਂ ਸਭਾ ਦੀ ਕਾਰਗੁਜ਼ਾਰੀ ਅਤੇ ਸੁਖੇਵੇਂ ਮਾਹੌਲ ਦੀ ਤਾਰੀਫ਼ ਕੀਤੀ। ਅਖੀਰ ਵਿੱਚ ਪ੍ਰਧਾਨ ਸੰਤੋਖ ਸਿੰਘ ਕੰਦੋਲਾ ਨੇ ਸਭ ਨੂੰ ਸਮੇਂ ਸਿਰ ਆਉਣ ਦੀ ਬੇਨਤੀ ਕੀਤੀ ਅਤੇ ਹਾਜ਼ਰੀਨ ਦਾ ਦਿਲੋਂ ਧੰਨਵਾਦ ਕੀਤਾ।

# ਭਾਰਤ ਦੇ ਕੌਂਸਲੇਟ ਜਨਰਲ, ਵੈਨਕੂਵਰ ਅਤੇ ਬੀਐਲਐਸ ਇੰਟਰਨੈਸ਼ਨਲ ਸਰਵਿਸਿਜ਼ ਦੁਆਰਾ ਕੌਂਸਲਰ ਕੈਂਪ - 5 ਅਤੇ 6 ਜੁਲਾਈ, 2025 ਲਗਾਇਆ ਜਾ ਰਿਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜੁਲਾਈ ਮਹੀਨੇ ਦੀ 5 ਅਤੇ 6 ਤਾਰੀਖ ਨੂੰ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਜ਼ਰੂਰੀ ਕੌਂਸਲਰ ਸੇਵਾਵਾਂ ਦੇਣ ਵਿੱਚ ਮੱਦਦ ਕਰਨ ਲਈ ਇੱਕ ਵਿਸ਼ੇਸ਼ ਕੌਂਸਲਰ ਕੈਂਪ ਸਿਟੀ ਹਾਲ ਕੈਲਗਰੀ ਵਿਖੇ ਭਾਰਤ ਦੇ ਕੌਂਸਲੇਟ ਜਨਰਲ, ਵੈਨਕੂਵਰ ਅਤੇ ਬੀਐੱਲਐੱਸ ਇੰਟਰਨੈਸ਼ਨਲ ਸਰਵਿਸਿਜ਼ ਵੱਲੋਂ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਪਾਸਪੋਰਟ,ਓ ਸੀ ਆਈ, ਪਾਵਰ ਆਫ਼ ਅਟਾਰਨੀ,ਪ੍ਰਮਾਣ ਪੱਤਰ,ਪੁਲਿਸ ਸਰਟੀਫਿਕੇਟ ਸਬੰਧੀ ਸੇਵਾਵਾਂ ਦਿੱਤੀਆਂ ਜਾਣਗੀਆਂ। ਇਹ ਸੇਵਾਵਾਂ ਲੈਣ ਲਈ ਤੁਹਾਨੂੰ ਆਪਣੀ ਅਪਾਇੰਟਮੈਂਟ ਪਹਿਲਾਂ ਇਸ ਲਿੰਕ ਉੱਪਰ https://docs.google.com/forms/d/e/1FAIpQ LScYVbg Xk8CKKf215-w47Rw8Lu 3l7 ClocnElaMd 1QILaIe5p Rg/viewform ਕਰਵਾਉਣੀ ਪਵੇਗੀ। ਅਪਾਇੰਟਮੈਂਟ ਬੁੱਕ ਕਰਨ ਤੋਂ ਬਾਅਦ, ਤੁਹਾਨੂੰ ਸਾਰੇ ਲੋੜੀਂਦੇ ਦਸਤਾਵੇਜ਼ਾਂ ਦੇ ਨਾਲ ਆਪਣੀ ਅਪਾਇੰਟਮੈਂਟ ਤੋਂ ਘੱਟੋ-ਘੱਟ 15 ਮਿੰਟ ਪਹਿਲਾਂ ਪਹੁੰਚਣਾ ਚਾਹੀਦਾ ਹੈ।ਤੁਹਾਡੇ ਚੁਣੇ ਹੋਏ ਅਪਾਇੰਟਮੈਂਟ ਦੇ ਸਮੇਂ ਅੰਦਰ, ਸੇਵਾ ਪਹਿਲਾਂ ਆ?, ਪਹਿਲਾਂ ਪਾ? ਦੇ ਆਧਾਰ 'ਤੇ ਪ੍ਰਦਾਨ ਕੀਤੀ ਜਾਵੇਗੀ। ਤੁਹਾਨੂੰ ਇਸ ਕੈਂਪ ਵਿੱਚ ਦਾਖਿਲ ਹੋਣ ਦੀ ਇਜਾਜ਼ਤ ਸਿਰਫ਼ ਤੁਹਾਡੇ ਚੁਣੇ ਹੋਏ ਸਮੇਂ ਦੇ ਸਲਾਟ ਦੌਰਾਨ ਹੀ ਹੋਵੇਗੀ।ਜੇਕਰ ਤੁਸੀਂ ਦੇਰ ਨਾਲ ਪਹੁੰਚਦੇ ਹੋ, ਤਾਂ ਤੁਹਾਨੂੰ ਉਡੀਕ ਸੂਚੀ ਵਿੱਚ ਰੱਖਿਆ ਜਾਵੇਗਾ ਅਤੇ ਦਿਨ ਦੇ ਆਖੀਰ ਵਿੱਚ ਸਮਾਂ ਹੋਣ 'ਤੇ ਹੀ ਤੁਹਾਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ ਆਪਣਾ ਸਲਾਟ ਖੁੰਝਾਉਂਦੇ ਹੋ, ਤਾਂ ਕੋਈ ਬਦਲ ਵਿੱਚ ਲੱਭਕੇ ਹੋਰ ਸਲਾਟ ਪ੍ਰਦਾਨ ਨਹੀਂ ਕੀਤਾ ਜਾਵੇਗਾ। ਹਰੇਕ ਸਮਾਂ ਸਲਾਟ ਲਈ ਸੀਮਤ ਸਥਾਨ ਹਨ। ਰਜਿਸਟ੍ਰੇਸ਼ਨ ਸਲਾਟ ਦੀ ਪੁਸ਼ਟੀ ਦੀ ਗਰੰਟੀ ਨਹੀਂ ਦਿੰਦੀ। ਤੁਹਾਡੀ ਮੁਲਾਕਾਤ ਦੀ ਪੁਸ਼ਟੀ ਕਰਨ ਲਈ ਇੱਕ ਵੱਖਰੀ ਪੁਸ਼ਟੀਕਰਨ ਈਮੇਲ ਭੇਜੀ ਜਾਵੇਗੀ। ਪਹੁੰਚਣ ਤੋਂ ਪਹਿਲਾਂ ਕਿਰਪਾ ਕਰਕੇ ਸੇਵਾ ਦੀਆਂ ਜ਼ਰੂਰਤਾਂ ਅਤੇ ਦਸਤਾਵੇਜ਼ਾਂ ਦੀ ਧਿਆਨ ਨਾਲ ਸਮੀਖਿਆ ਕਰੋ। ਜੇਕਰ ਤੁਸੀਂ ਅਧੂਰੇ ਦਸਤਾਵੇਜ਼ਾਂ ਨਾਲ ਪਹੁੰਚਦੇ ਹੋ, ਤਾਂ ਕੌਂਸਲਰ ਅਤੇ ਬੀ ਐਲ ਐਸ ਟੀਮਾਂ ਸੇਵਾ ਨੂੰ ਅਸਵੀਕਾਰ ਕਰ ਸਕਦੀਆਂ ਹਨ। ਇਸ ਲਈ ਲੋੜੀਂਦੇ ਦਸਤਾਵੇਜ਼ਾਂ ਦੀ ਜਾਂਚ ਕਰੋ। ਕਿਸੇ ਵੀ ਦੇਰੀ ਜਾਂ ਸੇਵਾ ਤੋਂ ਇਨਕਾਰ ਤੋਂ ਬਚਣ ਲਈ, ਕਿਰਪਾ ਕਰਕੇ ਇਹ ਯਕੀਨੀ ਬਣਾਉਣ ਲਈ ਅਧਿਕਾਰਤ ਵੈੱਬਸਾਈਟਾਂ ਵੇਖੋ ਕਿ ਤੁਸੀਂ ਸਾਰੇ ਜ਼ਰੂਰੀ ਦਸਤਾਵੇਜ਼ ਲਿਆਉਂਦੇ ਹੋ।

ਇਹ ਕੈਲਗਰੀ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਭਾਈਚਾਰੇ ਦੇ ਮੈਂਬਰਾਂ ਲਈ ਸਥਾਨਕ ਤੌਰ 'ਤੇ ਕੌਂਸਲਰ ਸੇਵਾਵਾਂ ਤੱਕ ਪਹੁੰਚ ਕਰਨ ਦਾ ਇੱਕ ਦੁਰਲੱਭ ਮੌਕਾ ਹੈ। ਅਸੀਂ ਤੁਹਾਨੂੰ ਇਸ ਪਹਿਲਕਦਮੀ ਦਾ ਪੂਰਾ ਲਾਭ ਲੈਣ ਲਈ ਸੱਦਾ ਦਿੰਦੇ ਹਾਂ। ਇਸ ਕੈਂਪ ਸਬੰਧੀ ਹੋਰ ਜਾਣਕਾਰੀ ਤੁਸੀ ਬ ੀਐਲ ਐਸ ਦੇ ਦਫਤਰ ਜਾਂ ਇੰਡੀਅਨ ਐਕਸ ਸਰਵਿਸਮੈਨ ਕੈਲਗਰੀ ਦੇ ਦਫਤਰ ਵਿੱਚੋਂ ਪ੍ਰਧਾਨ ਸ: ਬਲਕਾਰ ਸਿੰਘ ਸੰਧੂ ਨੂੰ 1 (587) 703-5500 ਉੱਪਰ ਫੋਨ ਕਰਕੇ ਲੈ ਸਕਦੇ ਹੋ।






## ਸੰਪਾਦਕੀ



ਤੁਹਾਨੂੰ ਉਹ ਨਹੀਂ ਮਿਲਦਾ ਜੋ ਤੁਸੀਂ ਚਾਹੁੰਦੇ ਹੋ, ਬਲਕਿ ਉਹ ਮਿਲਦਾ ਹੈ ਜਿਸ ਦੇ ਤੁਸੀਂ ਯੋਗ ਹੋ

# ਨੌਜਵਾਨਾਂ ਵਿੱਚ ਅਪਰਾਧੀ ਮਾਨਸਿਕਤਾ ਵਧ ਰਹੀ ਐ

ਇਹ ਚਿੰਤਾ ਦਿਨੋ-ਦਿਨ ਡੂੰਘੀ ਹੁੰਦੀ ਜਾ ਰਹੀ ਹੈ ਕਿ ਔਰਤਾਂ ਵਿਰੁੱਧ ਹਿੰਸਾ ਅਤੇ ਅਪਰਾਧਾਂ ਦੀ ਮਾਨਸਿਕਤਾ ਕਿਉਂ ਮਜ਼ਬੂਤ ਹੁੰਦੀ ਜਾ ਰਹੀ ਹੈ। ਪਿਛਲੇ ਕੁੱਝ ਸਾਲਾਂ ਵਿੱਚ, ਔਰਤਾਂ ਵਿਰੁੱਧ ਅਪਰਾਧਾਂ ਵਿਰੁੱਧ ਇੱਕ ਵਿਆਪਕ ਲਹਿਰ ਦੇ ਉਭਾਰ, ਸਖ਼ਤ ਕਾਨੂੰਨੀ ਉਪਾਅ ਅਤੇ ਪੁਲਿਸ ਦੀ ਜਵਾਬਦੇਹੀ ਵਧਣ ਦੇ ਬਾਵਜੂਦ, ਬਲਾਤਕਾਰ, ਕਤਲ, ਹਮਲਾ, ਛੇੜਛਾੜ, ਅਸ਼ਲੀਲਤਾ ਦੇ ਰੁਝਾਨਾਂ ਵਿੱਚ ਕੋਈ ਕਮੀ ਨਹੀਂ ਆਈ। ਭਾਰਤ ਦੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਅਤੇ ਮਹਿਲਾ ਕਮਿਸ਼ਨ ਦੇ ਦਸਤਾਵੇਜ਼ਾਂ ਵਿੱਚ, ਹਰ ਸਾਲ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਘਟਨਾਵਾਂ ਵਿੱਚ ਕੁੱਝ ਵਾਧਾ ਦਰਜ ਕੀਤਾ ਜਾ ਰਿਹਾ ਹੈ। ਕੁਦਰਤੀ ਤੌਰ 'ਤੇ, ਇਸ ਬਾਰੇ ਰਾਜਾਂ ਦੀ ਕਾਨੂੰਨ ਵਿਵਸਥਾ 'ਤੇ ਉਂਗਲੀਆਂ ਉੱਠਦੀਆਂ ਹਨ। ਪਰ ਇਹ ਸਵਾਲ ਅਣਉੱਤਰ ਰਹਿੰਦਾ ਹੈ ਕਿ ਅਪਰਾਧੀ ਲਈ ਕਾਨੂੰਨ ਦਾ ਡਰ ਕਿਉਂ ਨਹੀਂ ਬਣਿਆ। ਕੋਲਕਾਤਾ ਵਿੱਚ ਇੱਕ ਮੈਡੀਕਲ ਵਿਦਿਆਰਥਣ ਨਾਲ ਬਲਾਤਕਾਰ ਅਤੇ ਕਤਲ ਦੀ ਘਟਨਾ ਨੂੰ ਲੈ ਕੇ ਇੱਕ ਲੰਮਾ ਅੰਦੋਲਨ ਚਲਾਇਆ ਗਿਆ, ਜਿਸ ਵਿੱਚ ਸਾਰੇ ਮੈਡੀਕਲ ਕਾਲਜਾਂ ਅਤੇ ਹੋਰ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਵੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਔਰਤਾਂ ਵਿਰੁੱਧ ਵੱਧ ਰਹੇ ਅਪਰਾਧਾਂ ਨੂੰ ਰੋਕਣ ਲਈ ਨਾਅਰੇਬਾਜ਼ੀ ਕੀਤੀ। ਇਸ ਮਾਮਲੇ ਦੇ ਮੱਦੇਨਜ਼ਰ, ਰਾਜ ਸਰਕਾਰ ਨੇ ਔਰਤਾਂ ਦੀ ਸੁਰੱਖਿਆ ਲਈ ਸਖ਼ਤ ਪ੍ਰਬੰਧ ਕਰਨ ਦੇ ਆਪਣੇ ਵਾਅਦੇ ਨੂੰ ਦੁਹਰਾਇਆ ਅਤੇ ਕੁੱਝ ਪ੍ਰਸ਼ਾਸਕੀ ਬਦਲਾਅ ਕਰਕੇ ਅਜਿਹੇ ਅਪਰਾਧਾਂ ਨੂੰ ਰੋਕਣ ਦਾ ਦਾਅਵਾ ਕੀਤਾ। ਪਰ ਉਸ ਘਟਨਾ ਤੋਂ ਬਾਅਦ, ਹੁਣ ਇੱਕ ਲਾਅ ਕਾਲਜ ਵਿੱਚ ਇੱਕ ਵਿਦਿਆਰਥਣ ਨਾਲ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਜਿਨ੍ਹਾਂ ਵਿਦਿਆਰਥੀਆਂ 'ਤੇ ਲੜਕੀ ਨਾਲ ਬਲਾਤਕਾਰ ਕਰਨ ਦਾ ਦੋਸ਼ ਹੈ, ਉਹ ਖੁਦ ਕਾਨੂੰਨ ਦੀ ਪੜ੍ਹਾਈ ਕਰ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਲੜਕੀ ਨੇ ਮੁੱਖ ਦੋਸ਼ੀ ਦੇ ਵਿਆਹ ਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ ਸੀ, ਜਿਸ ਤੋਂ ਦੁਖੀ ਹੋ ਕੇ ਉਸਨੇ ਨਾ ਸਿਰਫ਼ ਲੜਕੀ ਨਾਲ ਬਲਾਤਕਾਰ ਕੀਤਾ ਸਗੋਂ ਉਸ ਦੀਆਂ ਤਸਵੀਰਾਂ ਵੀ ਖਿੱਚੀਆਂ। ਉਸਨੇ ਧਮਕੀ ਦਿੱਤੀ ਕਿ ਜੇਕਰ ਉਸਨੇ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਉਹ ਉਹ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਾ ਦੇਵੇਗਾ। ਇਸ ਮਾਮਲੇ ਵਿੱਚ, ਇਹ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਦੋਸ਼ੀ ਆਪਣੇ ਅਪਰਾਧ ਲਈ ਮਿਲਣ ਵਾਲੀ ਸਜ਼ਾ ਤੋਂ ਅਣਜਾਣ ਸਨ। ਫਿਰ ਵੀ ਉਨ੍ਹਾਂ ਵਿੱਚ ਲੜਕੀ ਨਾਲ ਬਲਾਤਕਾਰ ਕਰਨ ਦੀ ਹਿੰਮਤ ਸੀ, ਇਸ ਲਈ ਇਸਦਾ ਪਹਿਲਾ ਕਾਰਨ ਇਹ ਹੈ ਕਿ ਉਨ੍ਹਾਂ ਨੂੰ ਕਾਨੂੰਨ ਦੇ ਸ਼ਿਕੰਜੇ ਤੋਂ ਬਚਣ ਦਾ ਭਰੋਸਾ ਸੀ। ਬਲਾਤਕਾਰ ਦੇ ਜ਼ਿਆਦਾਤਰ ਮਾਮਲਿਆਂ ਵਿੱਚ, ਦੋਸ਼ੀ ਅਕਸਰ ਦੋਸ਼ ਸਾਬਤ ਨਾ ਹੋਣ ਕਾਰਨ ਬਰੀ ਹੋ ਜਾਂਦੇ ਹਨ। ਇਸੇ ਲਈ ਕਈ ਅਪਰਾਧੀ ਕਿਸਮ ਦੇ ਲੋਕ ਅਜਿਹੀਆਂ ਹਰਕਤਾਂ ਕਰਨ ਤੋਂ ਨਹੀਂ ਹਟਦੇ। ਇਸ ਲਈ, ਨਿਰਭਯਾ ਘਟਨਾ ਤੋਂ ਬਾਅਦ ਔਰਤਾਂ ਵਿਰੁੱਧ ਅਪਰਾਧਾਂ ਵਿਰੁੱਧ ਕਾਨੂੰਨਾਂ ਨੂੰ ਹੋਰ ਸਖ਼ਤ ਬਣਾਉਣ ਦੇ ਬਾਵਜੂਦ, ਬਹੁਤ ਸਾਰੇ ਲੋਕ ਕੋਈ ਮਹੱਤਵਪੂਰਨ ਪ੍ਰਭਾਵ ਨਾ ਦੇਖਣ ਕਾਰਨ ਇਨ੍ਹਾਂ ਕਾਨੂੰਨਾਂ ਦੀ ਸਮੀਖਿਆ ਦੀ ਮੰਗ ਕਰਦੇ ਰਹਿੰਦੇ ਹਨ। ਕਿਸੇ ਵੀ ਰਾਜ ਵਿੱਚ ਚੰਗੇ ਸ਼ਾਸਨ ਦੇ ਦਾਅਵੇ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਉੱਥੇ ਅਪਰਾਧੀਆਂ ਨੂੰ ਕਿਸ ਹੱਦ ਤੱਕ ਕਾਬੂ ਕੀਤਾ ਗਿਆ ਹੈ। ਪੱਛਮੀ ਬੰਗਾਲ ਸਰਕਾਰ ਅਪਰਾਧ ਨੂੰ ਕਾਬੂ ਵਿੱਚ ਲਿਆਉਣ ਦਾ ਦਾਅਵਾ ਕਰਦੇ ਕਦੇ ਨਹੀਂ ਥੱਕਦੀ, ਪਰ ਅਜਿਹੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਸੰਗਠਿਤ ਅਪਰਾਧ ਨੂੰ ਭੁੱਲ ਜਾ?, ਲੋਕ ਆਮ ਦੁਸ਼ਮਣੀਆਂ ਵਿੱਚ ਵੀ ਘਿਨਾਉਣੇ ਅਪਰਾਧ ਕਰਨ ਤੋਂ ਨਹੀਂ ਝਿਜਕ ਰਹੇ ਹਨ। ਆਰਜੀ ਕਾਰ ਹਸਪਤਾਲ ਵਿੱਚ ਬਲਾਤਕਾਰ ਅਤੇ ਕਤਲ ਦੀ ਘਟਨਾ ਤੋਂ ਬਾਅਦ, ਜੇਕਰ ਵਿਦਿਅਕ ਸੰਸਥਾਵਾਂ ਵਿੱਚ ਔਰਤਾਂ ਦੀ ਸੁਰੱਖਿਆ ਦੇ ਪ੍ਰਬੰਧ ਸਖ਼ਤ ਹੁੰਦੇ ਅਤੇ ਵਿਦਿਆਰਥੀ ਸੱਚਮੁੱਚ ਇਸ ਪ੍ਰਤੀ ਗੰਭੀਰ ਹੋ ਜਾਂਦੇ, ਤਾਂ ਸ਼ਾਇਦ ਲਾਅ ਸਕੂਲ ਵਿੱਚ ਹਾਲ ਹੀ ਵਿੱਚ ਵਾਪਰੀ ਘਟਨਾ ਨਾ ਵਾਪਰਦੀ। ਫਿਰ ਵੱਡਾ ਸਵਾਲ ਇਹ ਹੈ ਕਿ ਨੌਜਵਾਨਾਂ ਵਿੱਚ ਅਜਿਹੀ ਅਪਰਾਧਿਕ ਮਾਨਸਿਕਤਾ ਕਿਵੇਂ ਬਣ ਰਹੀ ਹੈ ਕਿ ਉਹ ਆਪਣੇ ਕਿਸੇ ਵੀ ਪ੍ਰਸਤਾਵ ਜਾਂ ਫੈਸਲੇ ਨੂੰ ਰੱਦ ਕਰਨ ਨੂੰ ਬਰਦਾਸ਼ਤ ਨਹੀਂ ਕਰ ਪਾ ਰਹੇ ਅਤੇ ਹਿੰਸਕ ਹੋ ਜਾਂਦੇ ਹਨ।

403 640 2000
punjabiakhbaar@gmail.com

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.
-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜ਼ਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਆਮ ਆਦਮੀ ਪਾਰਟੀ ਦੇ ਭਵਿੱਖ ਤੇ ਮੰਡਰਾ ਰਿਹੈ ਖਤਰਾ

## ਹਾਈਕਮਾਂਡ ਦੀ ਪੰਜਾਬ ਵਿਰੋਧੀ ਸੋਚ ਤੇ ਹਿੰਡ ਅਤੇ ਰਾਜ ਦੇ ਆਗੂਆਂ ਦੀ ਕੁਰਸੀ ਦੀ ਭੁੱਖ ਦਾ ਨਤੀਜਾ



ਬਲਵਿੰਦਰ ਸਿੰਘ ਭੁੱਲਰ

ਉਘੇ ਗਾਂਧੀਵਾਦੀ ਤੇ ਸਮਾਜਸੇਵੀ ਸ੍ਰੀ ਅੰਨੇ ਹਜ਼ਾਰੇ ਵੱਲੋਂ ਸਮਾਜ ਵਿੱਚ ਸੁਧਾਰ ਲਿਆਉਣ ਅਤੇ ਆਮ ਲੋਕਾਂ ਨੂੰ ਇਨਸਾਫ ਦੇਣਾ ਯਕੀਨੀ ਬਣਾਉਣ ਲਈ ਸਾਲ 2011 ਵਿੱਚ ਜਨ ਲੋਕਪਾਲ ਬਿਲ ਦੇ ਮੁੱਦੇ ਲਈ ਵਿੱਢੇ ਸੰਘਰਸ ਚੋਂ ਮਿਤੀ 26 ਨਵੰਬਰ 2012 ਵਿੱਚ ਜਨਮੀ ਆਮ ਆਦਮੀ ਪਾਰਟੀ ਬਹੁਤ ਤੇਜੀ ਨਾਲ ਉੱਭਰੀ। ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਬਾਅਦ ਪੰਜਾਬ ਹੀ ਇੱਕੋ ਇੱਕ ਅਜਿਹਾ ਸੂਬਾ ਹੈ, ਜਿੱਥੋਂ ਦੇ ਦੂਜੀਆਂ ਪਾਰਟੀਆਂ ਤੋਂ ਅੱਕ ਚੁੱਕੇ ਲੋਕ ਰਾਜਸੀ ਤਬਦੀਲੀ ਲਿਆਉਣ ਲਈ ਵੱਡੀ ਗਿਣਤੀ ਵਿੱਚ ਇਸ ਨਵੀਂ ਪਾਰਟੀ ਨਾਲ ਜੁੜ ਗਏ, ਪਰ ਇਸ ਪਾਰਟੀ ਦੀ ਹਾਈਕਮਾਂਡ ਦੀ ਪੰਜਾਬ ਵਿਰੋਧੀ ਸੋਚ ਤੇ ਹਿੰਡ ਅਤੇ ਸੂਬੇ ਦੇ ਆਗੂਆਂ ਦੀ ਕੁਰਸੀ ਦੀ ਭੁੱਖ ਨੇ ਓਨੀ ਤੇਜੀ ਨਾਲ ਹੀ ਇਸਨੂੰ ਹੇਠਾਂ ਵੱਲ ਲੈ ਆਂਦਾ। ਪਾਰਟੀ ਦੇ ਭਵਿੱਖ ਤੇ ਹੁਣ ਖਤਰਾ ਮੰਡਰਾ ਰਿਹਾ ਦਿਖਾਈ ਦੇ ਰਿਹਾ ਹੈ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਪੰਜਾਬ ’ਚ ਅਕਾਲੀ ਦਲ ਭਾਜਪਾ ਗੱਠਜੋੜ ਅਤੇ ਕਾਂਗਰਸ ਦੀਆਂ ਸਰਕਾਰਾਂ ਹੀ ਸੱਤ ?ਹਾ ਤੇ ਕਾਬਜ ਰਹੀਆਂ ਹਨ। ਇਹਨਾਂ ਤੋਂ ਬਿਨ੍ਹਾਂ ਹੋਰ ਕੋਈ ਪਾਰਟੀ ਇਸ ਸਥਿਤੀ ਵਿੱਚ ਪਹੁੰਚ ਹੀ ਨਹੀਂ ਸਕੀ ਸੀ ਕਿ ਇਹਨਾਂ ਨੂੰ ਲਾਂਭੇ ਕਰਕੇ ਕਾਬਜ ਹੋ ਸਕੇ। ਸ੍ਰੀ ਅੰਨੇ ਹਜ਼ਾਰੇ ਵੱਲੋਂ ਜਦ ਦਿੱਲੀ ਵਿਖੇ ਦੇਸ਼ ਪੱਧਰ ਦਾ ਸੰਘਰਸ ਸੁਰੂ ਕੀਤਾ ਤਾਂ ਉਸਨੇ ਸਮੁੱਚੇ ਦੇਸ ਵਾਸੀਆਂ ਨੂੰ ਜਾਗਰਿਤ ਕਰ ਦਿੱਤਾ। ਪੰਜਾਬ ਦੇ ਲੋਕਾਂ ਨੇ ਵੀ ਵੱਡੀ ਗਿਣਤੀ ਵਿੱਚ ਇਸ ਘੋਲ ਵਿੱਚ ਭਾਗ ਲਿਆ। ਇੱਥੋਂ ਹੀ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਸੱਤ ?ਹਾ ਤਬਦੀਲੀ ਦੀ ਜਗਿਆਸਾ ਜਾਗੀ। ਇਹ ਸੰਘਰਸ ਭਾਵੇਂ ਬਹੁਤਾ ਲੰਬਾ ਸਮਾਂ ਨਾ ਚੱਲ ਸਕਿਆ ਅਤੇ ਇਸਦਾ ਨਤੀਜਾ ਵੀ ਦੇਸ ਵਾਸੀਆਂ ਦੀਆਂ ਉਮੀਦਾਂ ਅਨੁਸਾਰ ਨਾ ਨਿਕਲਿਆ, ਪਰ ਇਸ ਵਿੱਚੋਂ ਇਹ ਰਾਜਸੀ ਧਿਰ “ਆਮ ਆਦਮੀ ਪਾਰਟੀ” ਜ਼ਰੂਰ ਹੋਂਦ ਵਿੱਚ ਆ ਗਈ। ਇਸ ਪਾਰਟੀ ਦੀ ਕਮਾਂਡ ਸ੍ਰੀ ਅਰਵਿੰਦ ਕੇਜਰੀਵਾਲ ਨੇ ਸੰਭਾਲ ਕੇ ਸਾਫ਼ ਸੁਥਰਾ ਪ੍ਰਸਾਸਨ ਦੇਣ ਅਤੇ ਲੋਕ ਹਿਤਾਂ ਦੀ ਰਾਖੀ ਕਰਨ ਵਾਲੀ ਸਰਕਾਰ ਬਣਾਉਣ ਦਾ ਵਾਅਦਾ ਕੀਤਾ। ਉਸਨੂੰ ਮਿਲੇ ਹੁੰਗਾਰੇ ਤੋਂ ਉਸਨੇ ਪਾਰਟੀ ਨੂੰ ਦਿੱਲੀ ਤੋਂ ਬਾਹਰ ਦੂਜੇ ਸੂਬਿਆਂ ਵੱਲ ਵਧਾਉਣ ਦਾ ਯਤਨ ਅਰੰਭ ਦਿੱਤਾ ਤਾਂ ਉਸਦਾ ਸਭ ਤੋਂ ਛੇਤੀ ਅਤੇ ਵਧੀਆ ਅਸਰ ਪੰਜਾਬ ਤੇ ਹੀ ਹੋਇਆ।

ਸਾਲ 2014 ਵਿੱਚ ਲੋਕ ਸਭਾ ਚੋਣਾਂ ਹੋਈਆਂ ਤਾਂ ਆਮ ਆਦਮੀ ਪਾਰਟੀ ਨੇ ਦਿੱਲੀ ਸਮੇਤ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਤੇ ਆਪਣੇ ਉਮੀਦਵਾਰ ਖੜੇ ਕੀਤੇ, ਪਰ ਨਤੀਜਾ ਹੈਰਾਨੀਜਨਕ ਨਿਕਲਿਆ ਕਿ ਦਿੱਲੀ ਤੋਂ ਪਾਰਟੀ ਸਾਰੀਆਂ ਸੀਟਾਂ ਹਾਰ ਗਈ, ਜਦੋਂ ਕਿ ਦੇਸ਼ ਭਰ ਚੋਂ ਕੇਵਲ ਪੰਜਾਬ ਵਿੱਚੋ ਹੀ ਆਮ ਆਦਮੀ ਪਾਰਟੀ ਦੇ ਚਾਰ ਉਮੀਦਵਾਰ ਸਰਵ ਸ੍ਰੀ ਧਰਮਵੀਰ ਗਾਂਧੀ, ਹਰਿੰਦਰ ਸਿੰਘ ਖਾਲਸਾ, ਭਗਵੰਤ ਮਾਨ ਅਤੇ ਸਾਧੂ ਸਿੰਘ ਜੇਤੂ ਰਹੇ, ਜਦ ਕਿ ਹੋਰ ਕਈ ਉਮੀਦਵਾਰ ਬਹੁਤ ਘੱਟ ਵੋਟਾਂ ਦੇ ਫ਼ਰਕ ਨਾਲ ਹੀ ਹਾਰੇ। ਇੱਕ ਵਾਰ ਪੰਜਾਬ ਦੇ ਹਾਲਾਤ ਇਹ ਹੋ ਗਏ ਕਿ ਹਰ ਸ਼ਹਿਰ ਪਿੰਡ ਗਲੀ ਮੁਹੱਲੇ ਤਾਂ ਕੀ ਘਰ ਘਰ ਵਿੱਚ ਝਾੜੂ ਝਾੜੂ ਹੋਣ ਲੱਗੀ। ਅਕਾਲੀ ਦਲ, ਕਾਂਗਰਸ ਜਾਂ ਹੋਰ ਪਾਰਟੀਆਂ ਨਾਲ ਸਬੰਧਤ ਟਕਸਾਲੀ ਪਰਿਵਾਰਾਂ ਦੇ ਨੌਜਵਾਨਾਂ ਨੇ ਵੀ ਆਪਣੇ ਨਾਤੇ ਆਮ ਆਦਮੀ ਪਾਰਟੀ ਨਾਲ ਜੋੜ ਲਏ। ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੇ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਆਮ ਆਦਮੀ ਪਾਰਟੀ ਦੀ ਮੱਦਦ ਲਈ ਕੇਵਲ ਦਬਾਅ ਹੀ ਨਹੀਂ ਸੀ ਪਾਇਆ ਸਗੋਂ ਦਿਲ ਖੋਹਲ ਕੇ ਮਾਲੀ ਮੱਦਦ ਵੀ ਕੀਤੀ। 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਆਈਆਂ ਤਾਂ ਆਮ ਆਦਮੀ ਪਾਰਟੀ ਆਪਣੀ ਚੜ੍ਹਤ ਦੇਖਦਿਆਂ ਇਹ ਮਹਿਸੂਸ ਕਰਨ ਲੱਗ ਪਈ ਕਿ ਪੰਜਾਬ ਵਿੱਚ ਉਸਦੀ ਸਰਕਾਰ ਹੀ ਬਣੇਗੀ। ਲੋਕਾਂ ਦੇ ਵੱਡੇ ਹੁੰਗਾਰੇ ਕਾਰਨ ਪੈਦਾ ਹੋਈ ਇਸ ਵੱਡੀ ਉਮੀਦ ਸਦਕਾ ਪਾਰਟੀ ਦੀ ਹਾਈਕਮਾਂਡ ਇੱਕ ਤਰ੍ਹਾਂ ਹਰਫਲ ਹੀ ਗਈ। ਉਸਨੇ ਇਹ ਸਮਝਦਿਆਂ ਕਿ ਸਰਕਾਰ ਬਣਨ ਤੇ ਸਾਰੀ ਸ਼ਕਤੀ ਪੰਜਾਬ ਇਕਾਈ ਦੇ ਹੱਥ ਹੀ ਨਾ ਰਹਿ ਜਾਵੇ, ਹਾਈਕਮਾਂਡ ਨੇ ਆਪਣੇ ਕਈ ਆਗੂ ਪੰਜਾਬ ਵਿੱਚ ਇੰਚਾਰਜ ਬਣਾ ਕੇ ਭੇਜ ਦਿੱਤੇ। ਇਹਨਾਂ ਆਗੂਆਂ ਨੇ ਪੰਜਾਬ ਵਿੱਚੋਂ ਕਥਿਤ ਤੌਰ ਤੇ ਭਾਰੀ ਰਕਮਾਂ ਇਕੱਠੀਆਂ ਕੀਤੀਆਂ, ਵਿਧਾਨ ਸਭਾ ਲਈ ਟਿਕਟਾਂ ਦੀ ਇੱਕ ਤਰ੍ਹਾਂ ਨਿਲਾਮੀ ਹੀ ਲਾ ਦਿੱਤੀ, ਇਸ ਤਰ੍ਹਾਂ ਪਾਰਟੀ ਨੂੰ ਖੜ੍ਹਾ ਕਰਨ ਵਾਲੇ ਜਾਂ ਮਰ ਮਿਟਣ ਵਾਲੇ ਵਰਕਰਾਂ ਦੀ ਥਾਂ ਪੈਸੇ ਦੇ ਜੋਰ ਵਾਲੇ ਲੋਕ ਟਿਕਟਾਂ ਲੈ ਗਏ। ਇਹਨਾਂ ਆਗੂਆਂ ਨੇ ਪੰਜਾਬ ਵਿੱਚ ਐਸੋ ਅਰਾਮ ਵਾਲਾ ਹਰ ਉਹ ਕੰਮ ਕੀਤਾ ਜੋ ਪੈਸਾ ਇਕੱਠਾ ਹੋਣ ਉਪਰੰਤ ਵੱਡੇ ਲੋਕ ਕਰਦੇ ਹਨ, ਇਹਨਾਂ ਨੇਤਾਵਾਂ ਤੇ ਕਈ ਤਰ੍ਹਾਂ ਦੇ ਦੋਸ਼ ਵੀ ਲੱਗੇ ਪਰ ਹਾਈਕਮਾਂਡ ਨੇ ਉਹਨਾਂ ਨੂੰ ਰੋਕਣ ਦਾ ਕੋਈ ਯਤਨ ਨਾ ਕੀਤਾ।

ਦੂਜੇ ਪਾਸੇ ਪੰਜਾਬ ਵਿਚਲੇ ਇਸ ਪਾਰਟੀ ਦੇ ਆਗੂਆਂ ਵਿੱਚ ਮੁੱਖ ਮੰਤਰੀ ਬਣਨ ਜਾਂ ਵਜੀਰੀਆਂ ਹਾਸਲ ਕਰਨ ਦੀ ਦੌੜ ਲੱਗ ਗਈ, ਇਸੇ ਦੌੜ ਕਾਰਨ ਉਹ ਆਪਣੇ ਰਾਹ ਵਿੱਚ ਅੜਿੱਕਾ ਬਣਨ ਵਾਲਿਆਂ ਨੂੰ ਰਸਤੇ ਚੋਂ ਪਾਸੇ ਕਰਨ ਦੀਆਂ ਕੋਸਿਸ ਕਰਨ ਲੱਗੇ। ਪੰਜਾਬ ਦੇ ਆਗੂਆਂ ਦੀ ਖਿੱਚੋਤਾਣ ਦਾ ਲਾਹਾ ਲੈਂਦਿਆਂ ਹੀ ਪਾਰਟੀ ਹਾਈਕਮਾਂਡ ਨੇ ਸਮੇਂ ਸਮੇਂ ਪੰਜਾਬ ਵਿਰੋਧੀ ਤੇ ਸਿੱਖ ਵਿਰੋਧੀ ਸੋਚ ਵਾਲੀ ਨੀਤੀ ਤਹਿਤ ਜਥੇਦਾਰ ਸੁੱਚਾ ਸਿੰਘ ਛੋਟੇਪੁਰ, ਗੁਰਪ੍ਰੀਤ ਸਿੰਘ ਵੜੈਚ, ਹਰਿੰਦਰ ਸਿੰਘ ਖਾਲਸਾ ਅਤੇ ਧਰਮਵੀਰ ਗਾਂਧੀ ਵਰਗਿਆਂ ਨੂੰ ਪਾਰਟੀ ਚੋਂ ਬਾਹਰ ਕਰਨ ਜਾਂ ਖੂੰਜੇ ਲਾਉਣ ਵਰਗੀਆਂ ਕਾਰਵਾਈਆਂ ਕੀਤੀਆਂ। ਚੋਣਾਂ ਵਾਲੇ ਦਿਨ ਤਾਂ ਕੀ, ਨਤੀਜੇ ਤੱਕ ਇਸ ਪਾਰਟੀ ਦੇ ਆਗੂ ਧੜੱਲੇ ਨਾਲ ਕਹਿੰਦੇ ਰਹੇ ਕਿ ਦੋ ਤਿਹਾਈ ਬਹੁਮੱਤ ਨਾਲ ਉਹਨਾਂ ਦੀ ਸਰਕਾਰ ਬਣਨ ਜਾ ਰਹੀ ਹੈ। ਨਤੀਜੇ ਨਿੱਕਲੇ ਤਾਂ ਕਾਂਗਰਸ ਪਾਰਟੀ ਨੇ ਸ਼ਾਨਦਾਰ ਜਿੱਤ ਹਾਸਲ ਕਰਦਿਆਂ ਸਰਕਾਰ ਬਣਾ ਲਈ, ਜਦ ਕਿ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ 20 ਤੇ ਪਹੁੰਚ ਕੇ ਰੁਕ ਗਈ। ਪਰ ਹੈਰਾਨੀ ਵਾਲੀ ਗੱਲ ਇਹ ਸੀ ਕਿ ਕਿ ਦਸ ਸਾਲ ਸੱਤ ?ਹਾ ਵਿੱਚ ਰਹੇ ਅਕਾਲੀ ਦਲ ਭਾਜਪਾ ਦੇ ਵਿਧਾਇਕਾਂ ਦੀ ਗਿਣਤੀ ਉਹਨਾਂ ਤੋਂ ਵੀ ਪਿੱਛੇ ਰਹਿ ਗਈ ਜਿਸ ਕਰਕੇ ਆਮ ਆਦਮੀ ਪਾਰਟੀ ਮੁੱਖ ਵਿਰੋਧੀ ਧਿਰ ਵਜੋਂ ਵਿਧਾਨ ਸਭਾ ਵਿੱਚ ਪਹੁੰਚ ਗਈ। ਜਿੱਤੇ ਹੋਏ ਵਿਧਾਇਕਾਂ ਨੇ ਆਪਣੇ ਵਿੱਚੋਂ ਵਧੀਆ ਸ਼ਖ਼ਸੀਅਤ ਦੇ ਮਾਲਕ ਅਤੇ ਉੱਚਕੋਟੀ ਦੇ ਵਕੀਲ ਸ੍ਰੀ ਐਚ ਐਸ ਫੂਲਕਾ ਨੂੰ ਆਪਣਾ ਮੁਖੀ ਚੁਣਿਆ ਅਤੇ ਉਹ ਵਿਰੋਧੀ ਧਿਰ ਦੇ ਆਗੂ ਨਾਮਜਦ ਕੀਤੇ ਗਏ। ਇਹ ਗੱਲ ਪਾਰਟੀ ਦੀ ਹਾਈਕਮਾਂਡ ਨੂੰ ਹਜ਼ਮ ਨਾ ਹੋਈ ਕਿ ਉਹਨਾਂ ਨੇ ਆਪਣੀ ਮਰਜੀ ਦਾ ਆਗੂ ਚੁਣ ਲਿਆ ਅਤੇ ਉਹ ਵੀ ਸਾਬਤ ਸੂਰਤ ਸਿੱਖੀ ਭੇਸ ਵਾਲਾ। ਕੁਝ ਹੀ ਸਮੇਂ ਬਾਅਦ ਹਾਈਕਮਾਂਡ ਨੇ ਆਪਣੇ ਦਬਾਅ ਨਾਲ ਉਹਨਾਂ ਨੂੰ ਇਸ ਅਹੁਦੇ ਤੋਂ ਪਾਸੇ ਕਰ ਦਿੱਤਾ ਅਤੇ ਦਿਨ ਰਾਤ ਅਕਾਲੀਆਂ ਅਤੇ ਕਾਂਗਰਸੀ ਨੇਤਾਵਾਂ ਵਿਰੁੱਧ ਬੋਲਣ ਵਾਲਾ ਸੁਖਪਾਲ ਸਿੰਘ ਖਹਿਰਾ ਵਿਰੋਧੀ ਧਿਰ ਦਾ ਨੇਤਾ ਬਣ ਗਿਆ। ਸ੍ਰੀ ਖਹਿਰਾ ਨੇ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਦੋਵਾਂ ਥਾਵਾਂ ਤੇ ਕਾਂਗਰਸ ਸਰਕਾਰ ਨੂੰ ਘੇਰਨ ਦੀ ਹਰ ਕੋਸਿਸ ਕੀਤੀ ਅਤੇ ਅਕਾਲੀ ਦਲ ਤੇ ਬਾਦਲ ਪਰਿਵਾਰ ਵਿਰੁੱਧ ਅਵਾਜ਼ ਉਠਾਉਣ ਤੋਂ ਵੀ ਕਦੇ ਨਾ ਖੁੰਝੇ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਉਹਨਾਂ ਅਕਾਲੀਆਂ ਕਾਂਗਰਸੀਆਂ ਦੀ ਬੇਲੋੜੀ ਵਿਰੋਧਤਾ ਵੀ ਕੀਤੀ ਅਤੇ ਉਹਨਾਂ ਪ੍ਰਤੀ ਮੰਦਾ ਚੰਗਾ ਬੋਲਣ ਸਮੇਂ ਕਈ ਵਾਰ ਮਰਯਾਦਾ ਦਾ ਵੀ ਖਿਆਲ ਨਾ ਕਰਿਆ। ਉਹਨਾਂ ਦੀ ਇਸ ਕਾਰਜਸ਼ੈਲੀ ਨੂੰ ਭਾਵੇਂ ਸੁਚੇਤ ਅਤੇ ਬੁੱਧੀਜੀਵੀ ਗਲਤ ਵੀ ਕਹਿੰਦੇ ਰਹੇ, ਪਰ ਉਹਨਾਂ ਵੱਲੋਂ ਮੁੱਦੇ ਉਠਾਉਣ ਦੇ ਯਤਨਾਂ ਦੀ ਸਲਾਘਾ ਵੀ ਕਰਦੇ ਰਹੇ। ਸ੍ਰੀ ਖਹਿਰਾ ਆਪਣੇ ਆਪ ਨੂੰ ਏਨਾ ਸ਼ਕਤੀਸ਼ਾਲੀ ਸਮਝਣ ਲੱਗ ਪਏ ਕਿ ਉਹ ਹਾਈਕਮਾਂਡ ਦੀ ਬਹੁਤੀ ਪਰਵਾਹ ਨਾ ਕਰਦੇ। ਹਾਈਕਮਾਂਡ ਖਾਸਕਰ ਸ੍ਰੀ ਕੇਜਰੀਵਾਲ ਨੇ ਆਪਣਾ ਪੰਜਾਬ ਵਿਰੋਧੀ ਸੋਚ ਦਾ ਡੰਡਾ ਫਿਰ ਚੁੱਕ ਲਿਆ ਅਤੇ ਸ੍ਰੀ ਖਹਿਰਾ ਨੂੰ ਧੱਕੇ ਨਾਲ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਲਾਂਭੇ ਕਰਦਿਆਂ ਸ੍ਰੀ ਹਰਪਾਲ ਸਿੰਘ ਚੀਮਾ ਨੂੰ ਨੇਤਾ ਨਾਮਜਦ ਕਰ ਦਿੱਤਾ ਅਤੇ ਬਹਾਨਾ ਬਣਾਇਆ ਕਿ ਲੋਕ ਸਭਾ ਚੋਣਾਂ ਵਿੱਚ ਦਲਿਤ ਵੋਟਾਂ ਹਾਸਲ ਕਰਨ ਲਈ ਅਜਿਹਾ ਕਰਨਾ ਜਰੂਰੀ ਹੋ ਗਿਆ ਸੀ।

ਪੰਜਾਬ ਦੇ ਵਿਧਾਇਕਾਂ ਨੂੰ ਵੀ ਇਹ ਫੈਸਲਾ ਚੰਗਾ ਨਾ ਲੱਗਾ, ਨੌਂ ਵਿਧਾਇਕ ਇਕੱਠੇ ਹੋ ਕੇ ਹਾਈਕਮਾਂਡ ਕੋਲ ਪਹੁੰਚੇ ਤਾਂ ਸ੍ਰੀ ਕੇਜਰੀਵਾਲ ਨੇ ਉਹਨਾਂ ਨੂੰ ਮਿਲਣਾ ਵੀ ਮੁਨਾਸਿਬ ਨਾ ਸਮਝਿਆ ਅਤੇ ਆਪਣੇ ਇੱਕ ਹੋਰ ਆਗੂ ਸ੍ਰੀ ਮਨੀਸ ਸਸੋਦੀਆ ਨਾਲ ਗੱਲਬਾਤ ਕਰਨ ਲਈ ਕਹਿ ਦਿੱਤਾ। ਜਦ ਇਹ ਵਿਧਾਇਕ ਉਸਨੂੰ ਮਿਲੇ ਤਾਂ ਇਸ ਆਗੂ ਨੇ ਸਪਸ਼ਟ ਕਿਹਾ ਕਿ ਜੋ ਫੈਸਲਾ ਕੀਤਾ ਗਿਆ ਹੈ ਇਹ ਹਾਈਕਮਾਂਡ ਦਾ ਫੈਸਲਾ ਹੈ ਅਤੇ ਦਰੁਸਤ ਹੈ ਇਸਨੂੰ ਬਦਲਿਆ ਨਹੀਂ ਜਾ ਸਕਦਾ, ਤੁਸੀਂ ਪੰਜਾਬ ਜਾਓ ਤੇ ਕੰਮ ਕਰੋ। ਇਸ ਉਪਰੰਤ ਭਰੇ ਪੀਤੇ ਵਿਧਾਇਕਾਂ ਨੇ ਕੁੱਝ ਦਿਨਾਂ ਬਾਅਦ ਬਠਿੰਡਾ ਵਿਖੇ ਕਨਵੈਨਸਨ ਕਰਕੇ ਆਪਣੇ ਨਾਲ ਬੀਤੀ ਅਤੇ ਲੋਕਾਂ ਦੀ ਰਾਇ ਹਾਸਲ ਕਰਨ ਦਾ ਪ੍ਰੋਗਰਾਮ ਉਲੀਕ ਲਿਆ। ਕਨਵੈਨਸਨ ਵਿੱਚ ਉਹਨਾਂ ਦੀ ਉਮੀਦ ਤੋਂ ਵੀ ਵੱਧ ਇਕੱਠ ਹੋ ਗਿਆ, ਪਰ ਇਹ ਇਕੱਠ ਸ੍ਰੀ ਖਹਿਰਾ ਨਾਲ ਹਮਦਰਦੀ ਵਾਲਾ ਨਹੀਂ ਸੀ ਬਲਕਿ ਆਮ ਆਦਮੀ ਪਾਰਟੀ ਦੀ ਹਾਈਕਮਾਂਡ ਵਿਰੁੱਧ ਪੈਦਾ ਹੋਏ ਗੁੱਸੇ ਸਦਕਾ ਹੋਇਆ। ਇਸ ਇਕੱਠ ਵਿੱਚ ਹੋਰਾਂ ਪਾਰਟੀਆਂ ਦੇ ਵਰਕਰ ਵੀ ਸਾਮਲ ਹੋਏ ਅਤੇ ਸਿੱਖ ਜਥੇਬੰਦੀਆਂ ਨੇ ਵੀ ਆਪਣੇ ਵਰਕਰ ਭੇਜੇ।

ਪਾਰਟੀ ਦੀ ਹਾਈਕਮਾਂਡ ਨੇ ਸ੍ਰੀ ਖਹਿਰਾ ਗਰੁੱਪ ਦੀ ਕਨਵੈਨਸਨ ਫੇਲ੍ਹ ਕਰਨ ਲਈ ਪੰਜਾਬ ਦੇ ਵਿਧਾਇਕਾਂ ਦੀ ਦਿੱਲੀ ਵਿਖੇ ਉਸੇ ਦਿਨ ਮੀਟਿੰਗ ਬੁਲਾ ਲਈ। ਸ੍ਰੀ ਖਹਿਰਾ ਕਹਿੰਦੇ ਰਹੇ ਕਿ ਪੰਜਾਬ ਦੇ ਕੁੱਲ 20 ਵਿਧਾਇਕਾਂ ਚੋਂ ਉਹਨਾਂ ਦੀ ਕਨਵੈਨਸਨ ਵਿੱਚ 13 ਵਿਧਾਇਕ ਸਾਮਲ ਹੋਣਗੇ, ਹੋਇਆ ਇਹ ਕਿ ਬਠਿੰਡਾ ਕਨਵੈਨਸਨ ਵਿੱਚ ਸ੍ਰੀ ਖਹਿਰਾ ਨਾਲ ਚੱਲਣ ਵਾਲੇ 9 ਵਿੱਚੋਂ ਸਿਰਫ 7 ਵਿਧਾਇਕ ਸਰਵ ਸ੍ਰੀ ਸੁਖਪਾਲ ਸਿੰਘ ਖਹਿਰਾ, ਕੰਵਰ ਸੰਧੂ, ਨਾਜਰ ਸਿੰਘ ਮਾਨਸਾਹੀਆ, ਜਗਦੇਵ ਸਿੰਘ ਕਮਾਲੂ, ਪਿਰਮਲ ਸਿੰਘ ਭਦੌੜ, ਮਾ: ਬਲਦੇਵ ਸਿੰਘ ਜੈਤੋ ਅਤੇ ਜਗਤਾਰ ਸਿੰਘ ਜੱਗਾ ਹਿੱਸੋਵਾਲ ਹੀ ਪਹੁੰਚੇ। ਇਸਦੇ ਉਲਟ ਦਿੱਲੀ ਮੀਟਿੰਗ ਵਿੱਚ 11 ਵਿਧਾਇਕ ਸਾਮਲ ਹੋਏ। ਕਨਵੈਨਸਨ ਵੱਲੋਂ ਮਤਾ ਪਾਸ ਕਰਕੇ ਪਾਰਟੀ ਦਾ ਪੰਜਾਬ ਵਿਚਲਾ ਜਥੇਬੰਦਕ ਢਾਂਚਾ ਰੱਦ ਕਰਨ ਦਾ ਐਲਾਨ ਕਰ ਦਿੱਤਾ ਅਤੇ ਖੁਦਮੁਖਤਿਆਰੀ ਨਾਲ ਕੰਮ ਕਰਨ ਦਾ ਫੈਸਲਾ ਲਿਆ ਗਿਆ। ਇਸ ਤਰ੍ਹਾਂ ਵਿਧਾਇਕ ਦਲ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਅਤੇ ਦੋਵਾਂ ਦਰਮਿਆਨ ਦੂਰੀਆਂ ਵਧ ਗਈਆਂ। ਆਖ਼ਰ ਸ੍ਰੀ ਖਹਿਰਾ ਸਮੇਤ ਕਈ ਵਿਧਾਇਕ ਇਹ ਪਾਰਟੀ ਛੱਡ ਕੇ ਚਲੇ ਗਏ ਅਤੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ।

ਇਸ ਤੋਂ ਬਾਅਦ ਮੁੜ 2022 ਦੀਆਂ ਵਿਧਾਨ ਸਭਾ ਚੋਣਾਂ ਆ ਗਈਆਂ। ਪੰਜਾਬ ਦੇ ਲੋਕ ਅਕਾਲੀ ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਤੋਂ ਸੰਤੁਸ਼ਟ ਨਹੀਂ ਸਨ, ਆਮ ਆਦਮੀ ਪਾਰਟੀ ਨੂੰ ਆਪਣੀ ਗੱਲ ਕਰਨ ਲਈ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਵਜੋਂ ਵਧੀਆ ਮੰਚ ਮਿਲ ਗਿਆ ਸੀ। ਇਸ ਪਾਰਟੀ ਨੇ ਵਿਧਾਨ ਸਭਾ ਵਿੱਚ ਕਈ ਚੰਗੇ ਮੁੱਦੇ ਉਠਾਏ ਅਤੇ ਖੁਲ੍ਹ ਕੇ ਗੱਲ ਕੀਤੀ, ਜਿਸ ਸਦਕਾ ਲੋਕਾਂ ਦਾ ਉਹਨਾਂ ਪ੍ਰਤੀ ਵਿਸਵਾਸ਼ ਪੈਦਾ ਹੋ ਗਿਆ ਸੀ। ਇਹਨਾਂ ਚੋਣਾਂ ਸਮੇਂ ਪੰਜਾਬ ਪਾਰਟੀ ਆਗੂਆਂ ਤੇ ਆਮ ਲੋਕਾਂ ਨੇ ਸ੍ਰੀ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਘੋਸਿਤ ਕਰਨ ਲਈ ਦਬਾਅ ਪਾਇਆ, ਪਰ ਪਾਰਟੀ ਸੁਪਰੀਮੋ ਟਾਲਾ ਵੱਟਦੇ ਰਹੇ। ਜਿਸ ਕਰਕੇ ਲੋਕ ਇਹ ਚਰਚਾ ਕਰਨ ਲੱਗੇ ਕਿ ਚੋਣਾਂ ਜਿੱਤਣ ਤੋਂ ਬਾਅਦ ਕਿਸੇ ਦਿੱਲੀ ਵਾਲੇ ਨੂੰ ਹੀ ਪੰਜਾਬ ਦਾ ਮੁੱਖ ਮੰਤਰੀ ਥਾਪ ਕੇ ਉਸਨੂੰ ਚੋਣ ਜਿਤਾ ਲਿਆ ਜਾਵੇਗਾ। ਲੋਕਾਂ ਵਿੱਚ ਗੁੱਸਾ ਪ੍ਰਗਟ ਹੋ ਗਿਆ ਅਤੇ ਭਗਵੰਤ ਮਾਨ ਵੀ ਰੋਸਾ ਵਿਖਾਉਣ ਲੱਗੇ। ਆਖ਼ਰ ਸ੍ਰੀ ਕੇਜਰੀਵਾਲ ਨੇ ਸ੍ਰੀ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਘੋਸਿਤ ਕਰ ਦਿੱਤਾ। ਲੋਕਾਂ ਨੇ ਭਗਵੰਤ ਮਾਨ ਵਿੱਚ ਭਰੋਸਾ ਪ੍ਰਗਟ ਕਰਦਿਆਂ ਖੁਲ੍ਹ ਕੇ ਵੋਟਾਂ ਪਾਈਆਂ, ਜਿਸ ਸਦਕਾ ਆਮ ਆਦਮੀ ਪਾਰਟੀ ਦੇ 92 ਵਿਧਾਇਕ ਬਣ ਗਏ ਅਤੇ ਮਜਬੂਤ ਸਰਕਾਰ ਸਥਾਪਤ ਹੋ ਗਈ। ਸ੍ਰ: ਭਗਵੰਤ ਮਾਨ ਮੁੱਖ ਮੰਤਰੀ ਬਣ ਗਏ, ਜਦ ਕਿ ਕਾਂਗਰਸ ਨੂੰ 18 ਅਤੇ ਅਕਾਲੀ ਦਲ ਨੂੰ 3 ਵਿਧਾਇਕਾਂ ਤੇ ਹੀ ਸਬਰ ਕਰਨਾ ਪਿਆ।

ਪੰਜਾਬ ਵਾਸੀਆਂ ਨਾਲ ਪਾਰਟੀ ਆਗੂਆਂ ਨੇ ਵੱਡੇ ਵੱਡੇ ਵਾਅਦੇ ਕੀਤੇ ਸਨ, ਭ੍ਰਿਸਟਾਚਾਰ ਨੂੰ ਰੋਕਣ ਲਈ ਭਗਵੰਤ ਮਾਨ ਨੇ ਆਪਣੇ ਕਈ ਵਿਧਾਇਕਾਂ ਜਾਂ ਆਗੂਆਂ ਨੂੰ ਵੀ ਰਿਸਵਤਖੋਰੀ ਸਦਕਾ ਅਹੁਦਿਆਂ ਤੋਂ ਲਾਂਭੇ ਕੀਤਾ ਅਤੇ ਕਈ ਜੇਲ੍ਹਾਂ ਵਿੱਚ ਵੀ ਗਏ। ਕਾਫ਼ੀ ਨੌਜਵਾਨਾਂ ਨੂੰ ਰੁਜਗਾਰ ਵੀ ਦਿੱਤਾ, ਬਿਜਲੀ ਮੁਆਫ਼ੀ ਵਰਗੇ ਵਾਅਦੇ ਵੀ ਨਿਭਾਏ। ਨਸ਼ਿਆਂ ਵਿਰੁੱਧ ਵੀ ਮੁਹਿੰਮ ਚਲਾਈ। ਪਰ ਬਹੁਤ ਸਾਰੇ ਵਾਅਦੇ ਜਿਵੇਂ ਕਿਸਾਨਾਂ ਦੇ ਕਰਜੇ ਦੀ ਮੁਆਫ਼ੀ, ਗਰੀਬਾਂ ਲਈ ਮਕਾਨ, ਔਰਤਾਂ ਨੂੰ ਨਕਦ ਰਾਸ਼ੀ ਸਹਾਇਤਾ ਆਦਿ ਪੂਰੇ ਨਾ ਕੀਤੇ ਗਏ। ਇਸਤੋਂ ਇਲਾਵਾ ਸਰਕਾਰ ਚਲਾਉਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੱਡੇ ਪੱਧਰ ਤੇ ਕਰਜ਼ੇ ਹਾਸਲ ਕਰਕੇ ਸੂਬੇ ਨੂੰ ਕਰਜ਼ਈ ਬਣਾ ਧਰਿਆ। ਸੂਬੇ ’ਚ ਅਮਨ ਕਾਨੂੰਨ ਦੀ ਸਥਿਤੀ ਵੀ ਸਾਰਥਕ ਨਾ ਰਹੀ। ਲੋਕ ਸਰਕਾਰ ਦੀਆਂ ਨੀਤੀਆਂ ਦਾ ਡਟ ਕੇ ਵਿਰੋਧ ਕਰਨ ਲੱਗੇ ਤਾਂ ਸਰਕਾਰ ਨੇ ਡੰਡੇ ਦੇ ਜੋਰ ਆਵਾਜ਼ ਬੰਦ ਕਰਨ ਦੇ ਯਤਨ ਅਰੰਭ ਦਿੱਤੇ। ਇਸਤੋਂ ਇਲਾਵਾ ਪੰਜਾਬ ਵਿਰੋਧੀ ਘਟਨਾਵਾਂ ਇਹ ਵਾਪਰੀਆਂ ਕਿ ਇਸ ਪਾਰਟੀ ਦੀ ਹਾਈਕਮਾਂਡ ਨੇ ਦਿੱਲੀ ਦੇ ਨਕਾਰੇ ਹੋਏ ਆਗੂਆਂ ਤੇ ਵਰਕਰਾਂ ਨੂੰ ਪੰਜਾਬ ਵਿੱਚ ਤਾਇਨਾਤ ਕਰ ਦਿੱਤਾ। ਲੋਕਾਂ ਦੀ ਸਮਝ ਹੈ ਕਿ ਅਜਿਹਾ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੇ ਖੰਭ ਕੁਤਰਨ ਲਈ ਅਤੇ ਪੰਜਾਬ ਦਾ ਪੈਸਾ ਲੁੱਟਣ ਲਈ ਹੀ ਕੀਤਾ ਗਿਆ ਹੈ। ਭਾਵੇਂ ਲੋਕ ਭਗਵੰਤ ਮਾਨ ਦੇ ਕੰਮ ਤੋਂ ਵੀ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸਨ, ਪਰ ਦਿੱਲੀ ਵਾਲਿਆਂ ਦੀ ਦਖ਼ਲ ਅੰਦਾਜ਼ੀ ਤਾਂ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰ ਸਕਦੇ। ਇਹ ਵੀ ਭਾਵੇਂ ਇੱਕ ਸੱਚ ਹੈ ਕਿ ਲੋਕਾਂ ਦੀਆਂ ਸਮੁੱਚੀਆਂ ਮੰਗਾਂ ਕੋਈ ਵੀ ਸਰਕਾਰ ਪੂਰੀਆਂ ਨਹੀਂ ਕਰ ਸਕਦੀ ਅਤੇ ਸਾਰੇ ਵਾਅਦੇ ਵੀ ਪੂਰੇ ਨਹੀਂ ਹੋ ਸਕਦੇ, ਪਰ ਤਬਦੀਲੀ ਦੇ ਨਾਂ ਹੇਠ ਸਥਾਪਤ ਹੋਈ ਇਸ ਸਰਕਾਰ ਤੇ ਬਹੁਤੀਆਂ ਹੀ ਉਮੀਦਾਂ ਸਨ। ਇਸਦੀ ਅਸਫਲਤਾ ਸਦਕਾ ਲੋਕ ਵਧੇਰੇ ਨਿਰਾਸ਼ ਹੋਏ ਹਨ ਅਤੇ ਕੇਂਦਰ ਦੀ ਦਖ਼ਲ ਅੰਦਾਜ਼ੀ ਕਾਰਨ ਗੁੱਸੇ ਵਿੱਚ ਹਨ। ਇਹੋ ਕਾਰਨ ਹੈ ਕਿ ਆਉਣ ਵਾਲਾ ਸਮਾਂ ਆਮ ਆਦਮੀ ਪਾਰਟੀ ਦਾ ਬਹੁਤਾ ਚੰਗਾ ਵਿਖਾਈ ਨਹੀਂ ਦੇ ਰਿਹਾ।

ਅਜੇ ਸੁਧਾਰ ਕਰਨ ਲਈ ਕੁੱਝ ਸਮਾਂ ਬਾਕੀ ਹੈ, ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਓਧਰ ਅਕਾਲੀ ਦਲ ਬੇਦਖਲੀ ਮਾਮਲਿਆਂ ਨਾਲ ਸਬੰਧਤ ਦੋਸ਼ਾਂ ਸਦਕਾ ਅਜੇ ਉੱਭਰ ਨਹੀਂ ਸਕਿਆ, ਕਾਂਗਰਸ ਪਾਟੋਧਾੜ ਹੈ, ਭਾਜਪਾ ਪੰਜਾਬ ਵਾਸੀਆਂ ਦੇ ਦਿਲਾਂ ਵਿੱਚ ਅਜੇ ਸਥਾਨ ਬਣਾ ਨਹੀਂ ਸਕੀ। ਅਜਿਹੀ ਸਥਿਤੀ ਵਿੱਚ ਜੇਕਰ ਆਮ ਆਦਮੀ ਪਾਰਟੀ ਦੀ ਕੇਂਦਰੀ ਹਾਈਕਮਾਂਡ ਆਪਣੀ ਦਖ਼ਲ ਅੰਦਾਜੀ ਬੰਦ ਕਰ ਦੇਵੇ ਅਤੇ ਭਗਵੰਤ ਮਾਨ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਵੱਲ ਵਿਸ਼ੇਸ਼ ਧਿਆਨ ਦੇਵੇ ਤਾਂ ਹਾਲਤ ਸੁਧਾਰੀ ਵੀ ਜਾ ਸਕਦੀ ਹੈ।




ਇਹ ਕਾਲਮ ਨਿਰੋਲ ਕਲਪਨਾ ’ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ ‘ਪੰਜਾਬੀ ਅਖ਼ਬਾਰ’ ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜਤਾ ਨਹੀਂ ਕਰਦਾ ਹੈ।
-ਸੰਪਾਦਕ

# ਟੈਡ ਵੈਦਰਿਲ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ-2

ਲਿਖਤੁਮ ਟੈਡ ਵੈਦਰਿਲ

**ਜੇ ਐਫ਼ ਡਬਲਿਊ ਵੈਦਰਿਲ ਦਾ ਜਨਮ 1930 ਵਿੱਚ ਹੋਇਆ ਸੀ। ਉਹਨਾਂ ਨੂੰ ਲੋਕ ਪਿਆਰ ਨਾਲ ਟੈੱਡ ਵੈਦਰਿਲ ਹੀ ਕਹਿੰਦੇ ਸਨ। ਉਹਨਾਂ ਨੇ ਸਾਲ 1958 ਵਿੱਚ ਯੁਨਿਵਰਸਿਟੀ ਔਫ਼ ਟੋਰੰਟੋ ਤੋਂ ਲੌਅ ਦੀ ਡਿਗਰੀ ਹਾਸਲ ਕੀਤੀ ਅਤੇ ਅਮੈਰਿਕਾ ਦੀ ਹਾਰਵਰਡ ਯੁਨਿਵਰਸਿਟੀ ਤੋਂ ਲੌਅ ਦੀ ਮਾਸਟਰ’ਜ਼ ਡਿਗਰੀ ਲਈ। ਉਹਨਾਂ ਨੇ ਥੋੜ੍ਹੀ ਦੇਰ ਲਈ ਬਤੌਰ ਲੌਅ ਪ੍ਰੋਫ਼ੈਸਰ ਵੀ ਕੰਮ ਕੀਤਾ। ਉਹ ਲੇਬਰ ਆਰਬਿਟਰੇਟਰ ਬਣੇ ਤੇ ਕੈਨੇਡਾ ਦੇ ਲੇਬਰ ਰਿਲੇਸ਼ਨਜ਼ ਬੋਰਡ ਦੇ ਮੁਖੀ ਵੀ ਰਹੇ। ਆਪਣੇ 60 ਸਾਲਾ ਕਰੀਅਰ ਦੌਰਾਨ ਲੇਬਰ ਰਿਲੇਸ਼ਨਜ਼ ਵਿੱਚ ਉਹਨਾਂ ਨੇ 5000 ਤੋਂ ਵੱਧ ਫ਼ੈਸਲੇ ਕਰਵਾਏ। ਆਪਣੇ ਪੂਰੇ ਕਰੀਅਰ ਦੌਰਾਨ ਉਹ ਅੰਨ੍ਹੇਵਾਹ ਖ਼ਰਚ ਕਰਨ ਵਾਸਤੇ ਬਦਨਾਮ ਹੋ ਗਏ ਸਨ। ਅੱਠਾਂ ਸਾਲਾਂ ਵਿੱਚ ਉਹਨਾਂ ਨੇ ਆਪਣੇ ਭੋਜਨ ਉੱਪਰ ਹੀ ਡੇਢ ਲੱਖ ਡਾਲਰ ਦੀ ਰਕਮ ਖ਼ਰਚ ਦਿੱਤੀ। ਇਹ ਖਰਚ ਉਹਨਾਂ ਟੈਕਸ-ਪੇਅਰਜ਼ ਰਕਮ ਵਿੱਚੋਂ ਵਸੂਲ ਕੀਤਾ ਸੀ। ਸਾਲ 1999 ਵਿੱਚ ਇਕ ਵਾਰ ਤਾਂ ਉਹਨਾਂ ਨੇ ਸਰਕਾਰੀ ਟੂਰ ਦੌਰਾਨ ਫ ?ਰਾਂਸ ਜਾ ਕੇ 2 ਵਿਅਕਤੀਆਂ ਵਾਸਤੇ ਖਾਧੇ ਭੋਜਨ ਵਾਸਤੇ 700 ਡਾਲਰ ਦੀ ਰਕਮ ਵਸੂਲ ਕੀਤੀ ਸੀ। ਸਾਲ 2020 ਵਿੱਚ ਉਹਨਾਂ ਨੂੰ ਸਰਕਾਰ ਨੇ ਫਾਇਰ ਕਰ ਦਿੱਤਾ ਸੀ। 13 ਅਪਰੈਲ, 2020 ਨੂੰ ਉਹਨਾਂ ਦਾ ਦੇਹਾਂਤ ਹੋ ਗਿਆ। ਕੈਨੇਡੀਅਨ ਟੈਕਸਪੇਅਰਜ਼ ਫੈਡਰੇਸ਼ਨ ਨੇ ਉਹਨਾਂ ਦੀ ਨਿੱਘੀ ਤੇ ਪਿਆਰੀ ਯਾਦ ਵਿੱਚ ਤਿੰਨੇ ਪੱਧਰ ਦੀਆਂ ਸਰਕਾਰਾਂ ਵੱਲੋਂ ਕੀਤੀ ਜਾਣ ਵਾਲੀ ਫਿਜ਼ੂਲ ਖ਼ਰਚੀ ਉੱਪਰ ਤਿੰਨ ਟੈਡੀ ਵੇਸਟ ਅਵਾਰਡ ਅਤੇ ਇਕ ਲਾਇਫ਼ ਟਾਇਮ ਅਚੀਵਮੈਂਟ ਅਵਾਰਡ ਦੇਣੇ ਸ਼ੁਰੂ ਕੀਤੇ ਹਨ ਤੇ ਇਸੇ ਹ਼ਫ਼ਤੇ ਇਹ ਇਨਾਮ ਦਿੱਤੇ ਗਏ ਹਨ। ਇਹਨਾਂ ਇਨਾਮਾਂ ਨੂੰ ਲੈ ਕੇ ਹੀ ਹੁਣ ਟੈਡ ਵੈਦਰਿਲ ਦੀ ਚਿੱਠੀ #2 ਆਈ ਹੈ।**

ਟੈਡ ਵੈਦਰਿਲ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

ਪਿਆਰੇ ਬੇਟੇ ਰਿਸ਼ੀ!

ਤੂੰ ਮੈਨੂੰ ਬਹੁਤ ਈ ਪਿਆਰਾ ਲੱਗਦੈਂ, ਬੇਟੇ, ਕਿਉਂਕਿ ਮੈਨੂੰ ਤੇਰੇ ਵਿੱਚ ਆਪਣਾ ਹੀ ਰੂਪ ਦਿਸਦਾ ਹੈ - ਸਿੱਧਾ ਸਾਧਾ ਤੇ ਭੋਲਾ-ਭਾਲਾ! ਇਸੇ ਕਰਕੇ ਤੈਨੂੰ ਮੈਂ ਆਪਣੇ ਦਿਲ ਦੀ ਹਰ ਗੱਲ ਪੂਰੀ ਤਰ੍ਹਾਂ ਖੋਲ੍ਹ ਕੇ ਦੱਸ ਦਿੰਨਾਂ!

ਇਸੇ ਹ਼ਫ਼ਤੇ ਤੁਹਾਡੀ ਇਕ ਸੰਸਥਾ ਦ ਕੈਨੇਡੀਅਨ ਟੈਕਸ ਪੇਅਰਜ਼ ਫੈਡਰੇਸ਼ਨ ਨੇ ਮੇਰੀ ਯਾਦ ਵਿੱਚ 4 ਅਵਾਰਡ ਦਿੱਤੇ ਹਨ। ਜਦੋਂ ਮੈਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਮੈਨੂੰ ਬਹੁਤ ਈ ਖ਼ੁਸ਼ੀ ਹੋਈ, ਬੇਟੇ, ਕਿ ਕੋਈ ਤਾਂ ਹੈ ਜੋ ਮੇਰਾ ਨਾਮ ਯਾਦ ਰੱਖੀ ਬੈਠਿਆ ਹੈ ਤੇ ਮੈਨੂੰ ਹਰ ਸਾਲ ਯਾਦ ਕਰਦੈ! ਪਰ ਫਿਰ ਮੈਨੂੰ ਪਤਾ ਲੱਗਿਆ ਕਿ ਇਹ ਤਾਂ ਮੇਰਾ ਮਜ਼ਾਕ ਉਡਾਉਣ ਵਾਸਤੇ ਪ੍ਰੋਗਰਾਮ ਕਰਦੇ ਐ ਤੇ ਮੇਰਾ ਨਾਮ ਬਲਕਿ ਬਹੁਤ ਈ ਬਦਨਾਮ ਕਰਦੇ ਐ ਤੇ ਮੈਨੂੰ ਬਹੁਤ ਈ ਨਮੋਸ਼ੀ ਹੋਈ ਜਦੋਂ ਮੈਨੂੰ ਇਹ ਪਤਾ ਲੱਗਿਆ ਕਿ ਤੂੰ ਵੀ ਬੇਟੇ ਉਥੇ ਸਮਾਗਮ ਵਿੱਚ ਗਿਆ ਹੋਇਆ ਸੀ। ਤੈਨੂੰ ਵੈਸੇ ਸ਼ਰਮ ਨਹੀਂ ਆਈ ਉਥੇ ਜਾਂਦੇ ਨੂੰ ਤੇ ਮੇਰੀ ਬਦਨਾਮੀ ਹੁੰਦੀ ਦੇਖ ਕੇ? ਤੇਰੇ ਮੂੰਹੋਂ ਮੇਰੇ ਹੱਕ ਵਿੱਚ ਇਕ ਵੀ ਗੱਲ ਨਾ ਫੁੱਟੀ, ਭਲਾ? ਲੱਖ ਲਾਹਨਤ, ਬੇਟੇ!

ਮੈਨੂੰ ਇਕ ਗੱਲ ਦਾ ਦੁਖ ਹੈ ਬੇਟੇ, ਕਿ ਮੇਰਾ ਨਾਮ ਤਾਂ ਟੈਡ ਸੀ ਪਰ ਇਹਨਾਂ ਨੇ ਇਨਾਮ ਦਾ ਨਾਮ ‘ਟੈਡੀ ਅਵਾਰਡ’ ਰੱਖ ਕੇ ਮੈਨੂੰ ਸੂਰ ਦੀ ਸ਼ਕਲ ਵੀ ਦੇ ਦਿੱਤੀ। ਤੇਰੀ ਸੱਤਿਆ ਭੈਣ ਜੀ ਤੈਨੂੰ ਇੱਧਰੋਂ, ਉੱਪਰੋਂ ਦੇਖ ਰਹੀ ਸੀ ਤੇ ਉਹਨੇ ਮੈਨੂੰ ਦੱਸਿਆ ਤੂੰ ਇਕ ਖੂੰਜੇ ਵਿੱਚ ਲੱਗਿਆ ਖੜ੍ਹਾ ਸੀ। ਉੱਥੇ ਮੌਜੂਦ ਲੋਕ ਗਧਿਆਂ ਵਾਂਗ ਖੀ-ਖੀ ਕਰਕੇ ਦੰਦੀਆਂ ਕੱਢ ਰਹੇ ਸਨ ਤੇ ਤੂੰ ਵੀ ਉਹਨਾਂ ਨਾਲ ਹਿੜ ਹਿੜ ਕਰ ਰਿਹਾ ਸੀ। ਤੇਰਾ ਦੁਰ ਫਿਟੇ ਮੂੰਹ, ਬੇਟੇ!

ਬੇਟੇ, ਮੈਨੂੰ ਸਰਕਾਰ ਨੇ ਫਾਇਰ ਕਰ ਦਿੱਤਾ ਸੀ। ਸਾਲ 1999 ਵਿੱਚ ਮੈਂ ਗਿਆ ਸੀ ਪੈਰਿਸ। ਉਥੇ ਅਸੀਂ ਦੋ ਜਣਿਆਂ ਨੇ ਖਾਧੀ ਰੋਟੀ। ਦੇਖੋ ਬੇਟੇ, ਪੈਰਿਸ ਕਿੰਨਾ ਮਹਿੰਗਾ ਸ਼ਹਿਰ ਐ...ਗੜਬੜ ਇਹ ਹੋ ਗਈ ਕਿ ਅਸੀਂ ਕਿਸੇ ਗ਼ਲਤ ਪਤੇ 'ਤੇ ਪਹੁੰਚ ਗਏ ਤੇ ਰੋਟੀ ਖਾਣ ਮਗਰੋਂ ਪਤਾ ਲੱਗਿਆ ਕਿ ਉਹਨਾਂ ਨੇ ਬਿਲ 700 ਡਾਲਰ ਦਾ ਬਣਾ'ਤਾ। ਉਸ ਵੇਲੇ ਅਸੀਂ ਫਸ ਗਏ ਤੇ ਸਾਨੂੰ ਉਹ ਪੈਸੇ ਦੇਣੇ ਪਏ। ਬੇਟੇ, ਉਸ ਵੇਲੇ ਦੀ ਸਰਕਾਰ ਨੇ ਰੌਲਾ ਪਾ ਲਿਆ ਕਿ ਦੋ ਜਣਿਆਂ ਨੇ 700 ਡਾਲਰ ਦਾ ਖਾਣਾ ਕਿਵੇਂ ਭਲਾ ਖਾ ਲਿਆ ਹੋ ਸਕਦਾ ਹੈ? ਉਸ ਵੇਲੇ ਦੇ ਡਾਲਰ ਦੀ ਕੀਮਤ ਤੇ ਅੱਜ ਦੇ ਡਾਲਰ ਦੀ ਕੀਮਤ ਵਿਚਲਾ ਅੰਤਰ ਨਾ ਹੁਣ ਦੇਖਣ ਬਹਿ ਜਾਈਓ। ਵੈਸੇ ਅੱਜ ਦੇ ਇਹ 1200 ਡਾਲਰ ਬਣਦੇ ਐ, ਬੇਟੇ। ਮੈਂ ਅਪੀਲ ਵੀ ਕੀਤੀ ਪਰ ਕੋਰਟ ਨੇ ਵੀ ਮੇਰੀ ਗੱਲ ਨਾ ਮੰਨੀ ਤੇ ਬਦਮਾਸ਼ ਸਰਕਾਰ ਨੇ ਮੇਰਾ ਕਰੀਅਰ ਤਬਾਹ ਕਰ ਦਿੱਤਾ ਤੇ ਮੈਨੂੰ ਫਾਇਰ ਕਰ ਦਿੱਤਾ ਗਿਆ।

ਰਿਸ਼ੀ ਬੇਟੇ, ਤੁਹਾਡੇ ਸ਼ਹਿਰ ਵਿੱਚ ਏਅਰਪੋਰਟ ਦੇ ਨੇੜਿਉਂ ਗੁਜ਼ਰਦੀ ਡੀਅਰਫੁਟ ਟ ?ਰੇਲ ਦੇ ਕੰਢੇ ‘ਤੇ ਨੀਲੇ ਰੰਗ ਦਾ ਇਕ ਗੋਲਾ ਲਾਇਆ ਗਿਐ। ਤੁਹਾਡੀ ਐਨਡੀਪੀ ਦੇ ਲੀਡਰ ਨਾਹੀਦ ਨੈਂਸ਼ੀ ਜੀ ਦੀ ਕਿਰਪਾ ਨਾਲ ਇਹ ਨੀਲਾ ਰਿੰਗ ਉਸ ਵੇਲੇ ਲਗਾਇਆ ਗਿਆ ਸੀ ਜਦੋਂ ਉਹ ਇਥੋਂ ਦੇ ਮੇਅਰ ਸਨ। ਇਸ ਨੀਲੇ ਰੰਗ ਦੇ 17 ਮੀਟਰ ਉੱਚੇ ਰਿੰਗ ਉੱਪਰ ਕੋਈ ਚਿੜੀ ਤੱਕ ਨਹੀਂ ਬੈਠ ਸਕਦੀ, ਕਿਸੇ ਰਾਹੀ ਨੂੰ ਇਸ ਦੀ ਛਾਂ ਨਸੀਬ ਨਹੀਂ ਹੁੰਦੀ, ਕੋਈ ਵਿਅਕਤੀ ਪੈਂਦੀ ਬਰਫ਼ ਜਾਂ ਪੈਂਦੇ ਮੀਂਹ ਤੋਂ ਬਚਣ ਲਈ ਆਸਰਾ ਨਹੀਂ ਲੈ ਸਕਦਾ। ਸ਼ਹਿਰਵਾਸੀਆਂ ਨੂੰ ਇਸ ਦਾ ਟਕੇ ਦਾ ਫਾਇਦਾ ਨਹੀਂ। ਖ਼ਰਚਾ ਆਇਆ ਸੀ 4 ਲੱਖ 71 ਹਜ਼ਾਰ ਡਾਲਰ। ਕੀਤਾ ਕਿਸੇ ਨੂੰ ਫਾਇਰ, ਬੇਟੇ? ਤੁਸੀਂ ਤਾਂ ਉਸ ਨੂੰ ਐਨਡੀਪੀ ਦਾ ਲੀਡਰ ਬਣਾ ਦਿੱਤੈ ਤੇ ਪਿਛਲੇ ਦਿਨੀਂ ਉਸ ਨੂੰ ਐਮਐਲਏ ਵੀ ਬਣਾ ਦਿੱਤੈ। ਦੁਰ ਫਿਟੇ ਮੂੰਹ, ਰਿਸ਼ੀ ਬੇਟੇ!

ਹੋਰ ਸੁਣ ਲਉ! ਤੁਹਾਡੇ ਸ਼ਹਿਰ ਦੇ ਮੌਜੂਦਾ ਨਿਜ਼ਾਮ ਨੇ ਇਕ ਹੋਰ ਚੰਦ ਚਾੜ੍ਹਿ ਆ, ਬੇਟੇ! ਹੁਣ ਤੁਸੀਂ ਆਪਣੇ ਸ਼ਹਿਰ ਵਿੱਚੋਂ ਗ਼ੁਜ਼ਰਦੇ ਬਓ ਦਰਿਆ ਨਾਲ ਗੱਲ ਕਰ ਸਕਦੇ ਹੋ। ਹੈਰਾਨੀ ਹੋਈ ਸੁਣ ਕੇ ਕਿ ਨਹੀਂ? ਕੈਲਗਰੀ ਸ਼ਹਿਰ ਦੀ ਆਰਟਸ ਡਿਵੈਲਪਮੈਂਟ ਨੇ ਰੀਕੁਨੈਕਟਿੰਗ ਟੂ ਦ ਬਉ ਪਬਲਿਕ ਆਰਟ ਪ੍ਰੋਜੈਕਟ ਲਿਆਂਦਾ ਤੁਹਾਡੇ ਲਈ! ਬਹੁਤ ਬਹੁਤ ਵਧਾਈ ਹੋਵੇ ਕੈਲਗਰੀ ਵਾਲਿਆਂ ਨੂੰ! ਹੁਣ ਉਹ ਬਓ ਦਰਿਆ ਨਾਲ ਸਿੱਧੀ ਗੱਲ ਕਰ ਸਕਦੇ ਨੇ ਤੇ ਉਹਨਾਂ ਨੂੰ ਦਰਿਆ ਦੇ ਕੋਲ ਜਾਣ ਦੀ ਲੋੜ ਈ ਨਹੀਂ! ਸਿਟੀ ਨੇ ਖ਼ਰਚਾ ਕੀਤੈ ਕੁੱਲ 65 ਹਜ਼ਾਰ 194 ਡਾਲਰ! ਟੋਲ ਫ ?ਰੀ ਨੰਬਰ ਹੈ - 1-855-269-5786. ਲੋਕਾਂ ਨੂੰ ਕਿਹਾ ਗਿਆ, ਬੇਟੇ, ਕਿ ਇਸ ਨੰਬਰ ‘ਤੇ ਕਾਲ ਕਰੋ ਤੇ ਦਰਿਆ ਦੇ ਵਹਿੰਦੇ ਪਾਣੀ ਦੀ ਅਵਾਜ਼ ਸੁਣੋ। ਬਹੁਤ ਲਾਹਨਤ, ਬੇਟੇ! ਅੱਜਕੱਲ ਤਾਂ ਇਸ ਨੰਬਰ ‘ਤੇ ਕਾਲ ਕੀਤਿਆਂ ਦਰਿਆ ਦੇ ਵਗਦੇ ਪਾਣੀ ਦੀ ਅਵਾਜ਼ ਵੀ ਨਹੀਂ ਸੁਣਦੀ। ਹੁਣ ਤਾਂ ਫਿਰ ਬੇਸ਼ੁਮਾਰ ਲਾਹਨਤ! ਹੁਣ ਕਹਿੰਦੇ ਨੇ ਕਿ ਇਹ ਪ੍ਰੋਜੈਕਟ ਪੂਰਾ ਹੋ ਗਿਆ ਹੈ। ਨਵਾਂ ਪ੍ਰੋਜੈਕਟ ਲੱਭ ਰਹੇ ਆਂ। ਮੇਰੀ 700 ਡਾਲਰ ਦੀ ਰੋਟੀ ‘ਤੇ ਮੈਂ ਫਾਇਰ ਹੋ ਗਿਆ ਸੀ ਪਰ ਇਸ ਪ੍ਰੋਜੈਕਟ ‘ਤੇ ਟੈਕਸ ਪੇਅਰਜ਼ ਦੇ 65 ਹਜ਼ਾਰ ਡਾਲਰ ਖ਼ਰਚ ਕੇ ਵੀ ਕੋਈ ਫਾਇਰ ਨਹੀਂ ਹੋਇਆ। ਲਾਹਨਤ ਐ ਬੇਟੇ, ਤੁਹਾਡੇ ‘ਤੇ!

ਤੁਹਾਡੇ ਨਿਉ ਬ੍ਰੰਜ਼ਵਿਕ ਸੂਬਾ ਹੈ ਇਕ। ਇਥੋਂ ਦੇ ਟੂਰਿਜ਼ਮ ਮਹਿਕਮੇ ਦੇ ਅਧਿਕਾਰੀ ਯੁਰੋਪ ਦੇ ਟੂਰ ‘ਤੇ ਗਏ ਤਾਂ ਕਿ ਉਥੋਂ ਦੇ ਲੋਕਾਂ ਨੂੰ ਕਿਹਾ ਜਾਵੇ ਕਿ ਸਾਡੇ ਨਿਉ ਬ੍ਰੰਜ਼ਵਿਕ ਸੂਬੇ ਵਿੱਚ ਆਵੋ ਤੇ ਸਾਡੇ ਟੂਰਿਜ਼ਮ ਵਾਲੇ ਥਾਵਾਂ ਦੀ ਯਾਤਰਾ ਕਰੋ ਤੇ ਆਨੰਦ ਹਾਸਲ ਕਰੋ। ਰਿਸ਼ੀ ਬੇਟੇ! ਇਹਨਾਂ ਅਧਿਕਾਰੀਆਂ ਨੇ ਯੁਰੋਪ ਵਿੱਚ ਜਾ ਕੇ ਕਿਹਾ ਕਿ ਸਾਡੀ ਰਾਜਧਾਨੀ ਸੇਂਟ ਜੌਨ ਵਿੱਚ ਆਉ ਤੇ ਆਨੰਦ ਮਾਣੋ! ਬੇਟੇ, ਸੇਂਟ ਜੌਨ ਤਾਂ ਇਸ ਸੂਬੇ ਦਾ ਕੈਪਿਟਲ ਸਿਟੀ ਹੈ ਹੀ ਨਹੀਂ! ਫਿਟੇ ਮੂੰਹ, ਬੇਟੇ! ਇਕ ਹੋਰ ਐਡ ਚਲਾਈ ਉਥੇ ਜਾ ਕੇ ਇਹਨਾਂ ਅਧਿਕਾਰੀਆਂ ਨੇ ਤੇ ਕਿਹਾ ਕਿ ਸੂਬੇ ਦੇ ਸਭ ਤੋਂ ਵੱਡੇ ਸ਼ਹਿਰ ਸੇਂਟ ਜੌਨ ਵਿੱਚ ਆਉ ਤੇ ਰਿਲੈਕਸ ਹੋ ਜਾਉ। ਫਿਟੇ ਮੂੰਹ! ਬੇਟੇ, ਸਭ ਤੋਂ ਵੱਡਾ ਸ਼ਹਿਰ ਤਾਂ ਮੌਂਕਟਨ ਹੈ ਇਸ ਸੂਬੇ ਦਾ! ਉੱਥੇ ਜਾ ਕੇ ਕਹਿੰਦੇ ਸਾਡੇ ਨਿਉ ਬ੍ਰੰਜ਼ਵਿਕ ਮਿਉਜ਼ੀਅਮ ਵਿੱਚ ਆਉ, ਚਿੜੀਆਘਰ ਚੈਰੀ ਬਰੁਕ ਜ਼ੂ ਦੇਖਣ ਲਈ ਆਉ, ਤੇ ਰਿਸ਼ੀ ਬੇਟੇ...ਬੇਟੇ...ਇਹ ਦੋਵੇਂ ਥਾਵਾਂ ਬੰਦ ਹੋਈਆਂ ਨੂੰ ਦੋ ਦੋ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ। ਇਕ ਵਾਰ ਫਿਰ ਤੁਹਾਡਾ ਦੁਰ ਫਿਟੇ ਮੂੰਹ, ਬੇਟੇ! ਰਿਸ਼ੀ ਬੇਟੇ! ਨਿਉ ਬ੍ਰੰਜ਼ਵਿਕ ਵਾਲਿਆਂ ਨੇ ਟੈਕਸਪੇਅਰਜ਼ ਦੇ 77 ਹਜ਼ਾਰ ਡਾਲਰ ਉਡਾ ਦਿੱਤੇ ਇਸ ਧੂੰਆਂਧਾਰ ਪ੍ਰਚਾਰ ਉੱਪਰ! ਮੇਰੀ 700 ਡਾਲਰ ਦੀ ਰੋਟੀ ਤਾਂ ਕੱਖ ਵੀ ਨਹੀਂ ਸੀ ਇਸ ਦੇ ਮੁਕਾਬਲੇ ਪਰ ਫਾਇਰ ਕੋਈ ਨਹੀਂ ਹੋਇਆ।

ਫੈਡਰਲ ਸਰਕਾਰ ਬਾਰੇ ਵੀ ਹੁਣ ਸੁਣ ਕੇ ਜਾਵੀਂ, ਰਿਸ਼ੀ ਬੇਟੇ! ਤੁਹਾਡੇ ਇਕ ਪਾਰਕਸ ਕੈਨੇਡਾ ਦਾ ਮਹਿਕਮਾ ਐ...ਇਹਨੇ ਫੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ ਦੇ ਗਲ਼ਫ਼ ਆਇਲੈਂਡਜ਼ ਤੋਂ ਅਮੈਰਿਕਨ ਬੁਲ-ਫ ?ਰੌਗ ਫੜਨੇ ਹਨ। ਇਹ ਬਹੁਤ ਵੱਡੇ ਸਾਇਜ਼ ਦਾ ਡੱਡੂ ਹੁੰਦਾ ਹੈ ਤੇ ਖੜ੍ਹੇ ਪਾਣੀਆਂ ਵਿੱਚ ਜ਼ਿਆਦਾ ਹੁੰਦੈ। ਇਹਦੀ ਅਵਾਜ਼ ਬੌਲਦ ਜਾਂ ਬੈਲ ਵਰਗੀ ਹੁੰਦੀ ਹੋਣ ਕਰਕੇ ਇਸ ਨੂੰ ਬੁਲ-ਫ ?ਰੌਗ ਕਿਹਾ ਜਾਂਦੈ। ਇਹਨਾਂ ਦੀ ਗਿਣਤੀ ਨੂੰ ਕਾਬੂ ਹੇਠ ਰੱਖਣ ਲਈ ਪਾਰਕਸ ਕੈਨੇਡਾ ਨੇ ਯੋਜਨਾ ਬਣਾਈ ਕਿ ਇਹਨਾਂ ਨੂੰ ਫੜ ਕੇ ਮਾਰ ਦਿੱਤਾ ਜਾਵੇ। 2018-19 ਵਿੱਚ ਟੈਕਸ ਪੇਅਰਜ਼ ਦੇ 1 ਹਜ਼ਾਰ 920 ਡਾਲਰ ਖ਼ਰਚੇ ਗਏ ਪਰ ਡੱਡੂ ਇਕ ਵੀ ਨਾ ਫੜਿਆ ਗਿਆ। ਉਸ ਤੋਂ ਅਗਲੇ ਸਾਲ 2000 ਡਾਲਰ ਖਰਚੇ ਗਏ, ਡੱਡੂ ਫਿਰ ਵੀ ਕੋਈ ਨਾ ਹੱਥ ਆਇਆ। ਉਸ ਤੋਂ ਅਗਲੇ ਵਰ੍ਹੇ ਕੋਰੋਨਾ ਵਾਇਰਸ ਆ ਗਿਆ ਤੇ ਔਨ ਲਾਇਨ ਡੱਡੂ ਫੜਣ ਦੀ ਕੋਸ਼ਿਸ਼ ਵੀ ਬੇਕਾਰ ਹੀ ਗਈ, ਰਿਸ਼ੀ ਬੇਟੇ! 2021-22 ਵਿੱਚ ਪਾਰਕਸ ਕੈਨੇਡਾ ਨੇ 2207 ਡਾਲਰ ਖ਼ਰਚੇ ਪਰ ਡੱਡੂ ਇਕ ਵਾਰ ਫਿਰ ਝਕਾਨੀ ਦੇ ਗਿਆ ਤੇ ਅਧਿਕਾਰੀਆਂ ਦੇ ਹੱਥ ਆਇਆ ਈ ਨਾ! ਫਿਰ ਆਇਆ ਸਾਲ 2022-23 ਤੇ ਪਾਰਕਸ ਕੈਨੇਡਾ ਨੇ ਇਸ ਵਾਰ ਖ਼ਰਚੇ 3882 ਡਾਲਰ ਤੇ ਇਸ ਵਾਰ ਡੱਡੂ ਦੀ ਕਿਸਮਤ ਮਾੜੀ ਤੇ ਅਧਿਕਾਰੀਆਂ ਦੀ ਚੰਗੀ ਨਿੱਕਲੀ ਕਿ ਇਕ ਅਮੈਰਿਕਨ ਬੁਲਫ ?ਰੌਗ ਕਾਬੂ ਆ ਗਿਆ। ਇੰਨੇ ਸਾਲਾਂ ਵਿੱਚ 10 ਹਜ਼ਾਰ 9 ਡਾਲਰ ਖ਼ਰਚ ਕੇ ਕੇਵਲ ਇੱਕ ਅਮੈਰਿਕਨ ਬੁਲਫ ?ਰੌਗ ਫੜਿਆ ਗਿਆ, ਰਿਸ਼ੀ ਬੇਟੇ! ਮੇਰੀ 700 ਡਾਲਰ ਦੀ ਰੋਟੀ ‘ਤੇ ਮੈਨੂੰ ਫਾਇਰ ਕੀਤਾ ਗਿਆ ਸੀ ਪਰ ਇਥੇ ਕੋਈ ਫਾਇਰ ਹੋਇਆ ਭਲਾ? ਬੇਸ਼ੁਮਾਰ ਲਾਹਨਤ, ਮੇਰੇ ਪਿਆਰੇ ਬੇਟੇ ਤੇ ਨਾਲ ਹੀ, ਦੁਰ ਫਿਟੇ ਮੂੰਹ ਵੀ!

ਲੈ ਬੇਟੇ, ਬ੍ਰਿਟਿਸ਼ ਕੋਲੰਬੀਆ ਦੀ ਇਕ ਹੋਰ ਕਰਤੂਤ ਸੁਣਾਵਾਂ ਤੈਨੂੰ...ਸੁਣ ਪਿਆਰ ਨਾਲ ਬੈਠ ਕੇ! ਸਰਕਾਰ ਦੀ ਇਕ ਕਾਰਪੋਰੇਸ਼ਨ ਹੈ ਬੀ.ਸੀ.ਰੇਲ! ਦਰਅਸਲ ਸੀਐਨ ਰੇਲ ਨੇ ਇਸ ਨੂੰ ਇਕ ਦਹਾਕਾ ਪਹਿਲਾਂ ਖ਼ਰੀਦ ਲਿਆ ਸੀ। ਬੀਸੀ ਰੇਲ ਦੇ ਦੋ ਅਧਿਕਾਰੀਆਂ ਨੂੰ 5 ਲੱਖ 1 ਹਜ਼ਾਰ 811 ਡਾਲਰ ਦਾ ਭੁਗਤਾਨ ਕੀਤਾ ਗਿਆ। ਇਹਨਾਂ ਨੂੰ ਵੇਕੇਸ਼ਨ ਪੇਅ ਦਾ ਭੁਗਤਾਨ ਵੀ ਕੀਤਾ ਜਾਂਦੈ। ਰਿਸ਼ੀ ਬੇਟੇ...ਬੀ.ਸੀ.ਰੇਲ ਕੋਲ ਸਿਰਫ਼ 40 ਕਿਲੋਮੀਟਰ ਦਾ ਰੇਲ ਟ ?ਰੈਕ ਹੈ! ਤੈਨੂੰ ਹੈਰਾਨੀ ਹੋਈ ਕਿ ਨਹੀਂ ਕਿ ਬੀਸੀ ਰੇਲ ਕੋਲ ਸਿਰਫ਼ 40 ਕੋਲਮੀਟਰ ਦਾ ਰੇਲ ਟ ?ਰੈਕ ਹੈ! ਲੈ ਹੁਣ ਹੋਰ ਸੁਣ - ਬੀਸੀ ਰੇਲ ਕੋਲ ਇਕ ਵੀ ਰੇਲ ਗੱਡੀ ਨਹੀਂ ਹੈ! ਬੇਟੇ...ਨਾ ਰੇਲ ਟ ?ਰੈਕ ਨਾ ਟ ?ਰੇਨ...ਅਧਿਕਾਰੀਆਂ ਦਾ ਭੁਗਤਾਨ ਖ਼ਰਚਾ 5 ਲੱਖ ਡਾਲਰ ਤੇ ਵੇਕੇਸ਼ਨ ਪੇਅ ਵੱਖ! ਰਿਸ਼ੀ ਬੇਟੇ...ਦੁਰ ਫਿਟੇ ਮੂੰਹ! ਮੇਰੀ 700 ਡਾਲਰ ਦੀ ਟੈਕਸ ਪੇਅਰਜ਼ ਫੰਡ ਤੋਂ ਆਈ ਰੋਟੀ ਮੇਰੀ ਨੌਕਰੀ ਲੈ ਗਈ ਸੀ। ਲਾਹਨਤ ਐ ਬੇਟੇ!

ਘਬਰਾ ਨਾ...ਰਿਸ਼ੀ ਬੇਟੇ! ਓਂਟੈਰੀਓ ਦੀ ਗੱਲ ਹੁਣ ਸੁਣ ਕੇ ਹੀ ਜਾਈਂ! ਵਿੰਜ਼ਰ (Windsor) ਦਾ ਰਿਜਨਲ ਹੌਸਪਿਟਲ ਐ ਇਕ! ਕਈ ਸਾਲਾਂ ਤੋਂ ਇਥੇ ਦੋ ਟਿਮ ਹੌਰਟਨ ਦੇ ਰੈਸਟੌਰੈਂਟ ਚੱਲਦੇ ਨੇ। ਟੈਕਸ ਪੇਅਰਜ਼ ਦੇ ਖ਼ਰਚੇ ਨਾਲ ਇਹ ਦੋਵੇਂ ਰੈਸਟੌਰੈਂਟ ਚੱਲਦੇ ਨੇ। 2023-24 ਵਿੱਚ ਇਹਨਾਂ ਦੋਵੇਂ ਰੈਸਟੌਰੈਂਟਾਂ ਤੋਂ ਹਸਪਤਾਲ ਨੂੰ 4 ਲੱਖ 87 ਹਜ਼ਾਰ 662 ਡਾਲਰ ਦਾ ਘਾਟਾ ਪਿਆ, ਰਿਸ਼ੀ ਬੇਟੇ! ਸਾਲ 2010 ਦੇ ਨੇੜੇ ਇਹ ਪਹਿਲਾ ਟਿਮ ਹੌਰਟਨਜ਼ ਰੈਸਟੌਰੈਂਟ ਖੁੱਲ੍ਹਿਆ ਸੀ ਤੇ ਘਾਟਾ ਪਹਿਲੇ ਦਿਨ ਤੋਂ ਹੀ ਪੈਂਦਾ ਆ ਰਿਹਾ ਸੀ ਤੇ ਫੇ ਦੂਜਾ ਰੈਸਟੌਰੈਂਟ ਖੋਲ੍ਹ ਦਿੱਤਾ ਗਿਆ। 2010 ਤੋਂ ਲੈ ਕੇ ਹੁਣ ਤੱਕ ਇਥੇ 20 ਲੱਖ ਡਾਲਰ ਦਾ ਘਾਟਾ ਪਿਆ ਹੈ ਤੇ ਮੇਰੇ ਪਿਆਰੇ, ਲਾਹਨਤੀ ਬੇਟੇ, ਇਹ ਸਾਰਾ ਘਾਟਾ ਟੈਕਸਪੇਅਰਜ਼ ਤੋਂ ਵਸੂਲਿਆ ਗਿਆ ਹੈ। ਰਿਸ਼ੀ ਬੇਟੇ, ਦੁਰ ਫਿਟੇ ਮੂੰਹ ਤੁਹਾਡਾ! ਕਿੱਥੇ ਮੇਰੀ 700 ਡਾਲਰ ਦੀ ਟੈਕਸਪੇਅਰਜ਼ ਤੋਂ ਖਾਧੀ ਰੋਟੀ ਤੇ ਕਿਥੇ ਇਹ 2 ਮਿਲੀਅਨ ਡਾਲਰ ਦਾ ਟਿਮ ਹੌਰਟਨਜ਼ ਦਾ ਘਾਟਾ! ਕੋਈ ਫਾਇਰ ਨਹੀਂ ਹੋਇਆ!

ਮੇਰੇ ਕੋਲ ਇਸ ਵੇਲੇ ਕੋਈ ਦਸ ਕੁ ਹੋਰ ਐਗਜ਼ੈਂਪਲਾਂ ਨੇ ਜਿਹੜੀਆਂ ਮੈਂ ਦੇਣਾ ਚਾਹੁੰਦਾ ਸੀ ਪਰ ਹੁਣ ਮੈਂ ਥੱਕ ਗਿਆਂ ਲਿਖਦਾ ਲਿਖਦਾ ਤੇ ਤੂੰ ਵੀ ਅੱਕ ਗਿਆ ਹੋਣੈ ਪੜ੍ਹਦਾ ਪੜ੍ਹਦਾ! ਅਗਲੀ ਚਿੱਠੀ ਵਿੱਚ ਖੋਲ੍ਹੂੰਗਾ ਕੱਚੇ ਚਿੱਠੇ ਤੁਹਾਡੀਆਂ ਸਰਕਾਰਾਂ ਦੇ! ਫਿਲਹਾਲ ਤਾਂ ਲਾਹਨਤ ਹੀ ਕਬੂਲ ਕਰ, ਮੇਰੇ ਬੇਟੇ!

ਇਸ ਸਭ ਕਾਸੇ ਦਾ ਕਸੂਰਵਾਰ ਕੋਈ ਹੋਰ ਨਹੀਂ, ਇਸ ਦੇਸ਼ ਦਾ ਵੋਟਰ ਐ ਜਿਹੜਾ ਐਹੋ ਜਿਹੇ ਲਾਹਨਤੀ ਲੀਡਰ ਚੁਣਦਾ ਜਿਹਨਾਂ ਨੂੰ ਨਾ ਨਜ਼ਰ ਆਉਂਦੀ ਤੇ ਨਾ ਹੀ ਸੁਣਾਈ ਦਿੰਦਾ ਉਹਨਾਂ ਨੂੰ ਕੁੱਝ!

ਚੰਗਾ ਬੇਟੇ!

ਅਗਲੀ ਵਾਰ ਵਿੱਚ ਹੋਰ ਸਮੱਗਰੀ ਭੇਜੂੰਗਾ!

ਤੇਰਾ ਚਾਚਾ,
ਟੈਡ ਵੈਦਰਿਲ!

## ਪੁਸਤਕ ਸਮੀਖਿਆ

# "ਡਾਅਟਰਜ਼ ਆਫ ਦ ਡੀਅਰ" (ਹਿਰਨ ਦੀਆਂ ਧੀਆਂ)



ਸਮੀਖਿਆਕਾਰ
ਜਗਦੇਵ ਸਿੱਧੂ
825 712 1135

**ਲੇਖਿਕਾ ਬਾਰੇ** - ਇਹ ਕੈਨੇਡਾ ਦੇ ਮੂਲਨਿਵਾਸੀਆਂ ਬਾਰੇ ਇੱਕ ਇਤਿਹਾਸਕ ਨਾਵਲ ਹੈ ਜਿਸ ਦੀ ਲੇਖਿਕਾ ਡੇਨੀਅਲ ਡੇਨੀਆਲ (Danielle Daniel) ਇੱਥੋਂ ਦੇ ਅਲਗੌਂਕਿਨ ਕਬੀਲੇ ਨਾਲ ਸੰਬੰਧ ਰਖਦੀ ਹੈ। ਇਹ ਉਸ ਦਾ ਪਲੇਠਾ ਨਾਵਲ ਹੈ। ਉਸ ਨੇ ਬੱਚਿਆਂ ਲਈ ਕਈ ਚਿਤਰ-ਪੁਸਤਕਾਂ ਸੰਪਾਦਿਤ ਕੀਤੀਆਂ ਹਨ ਜਿਨ੍ਹਾਂ ਨੂੰ ਵੱਕਾਰੀ ਸੰਸਥਾਵਾਂ ਵੱਲੋਂ ਇਨਾਮ ਮਿਲੇ ਹਨ। ਉਸ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਸਿਰਜਣਾਤਮਿਕ ਖੇਤਰ ਵਿੱਚ ਐਮ ਐਫ ਏ ਦੀ ਡਿਗਰੀ ਹਾਸਲ ਕੀਤੀ ਹੈ। ਅੱਜ ਕੱਲ੍ਹ ਉਹ ਓਂਟਾਰੀਓ ਦੇ ਸਡਬਰੀ ਵਿੱਚ ਰਹਿ ਰਹੀ ਹੈ ਜੋ ਐਟੀਕਾਮੇਕਸ਼ੈਂਗ ਅਨੀਸ਼ਨਾਬੇ ਕਬੀਲੇ ਦਾ ਜੱਦੀ ਖੇਤਰ ਹੈ। ਡੇਨੀਆਲ ਇਸ ਨਾਵਲ ਦੀ ਨਾਇਕਾ ਮੇਰੀ ਦੀ ਮਾਤਰੀ ਵੰਸ਼ ਵਿਚੋਂ ਬਾਰ੍ਹਵੀਂ ਪੀੜ੍ਹੀ ਚੋਂ ਹੈ। ਡੇਨੀਆਲ ਨੇ ਇਹ ਨਾਵਲ 2012 ਤੋਂ ਲਿਖਣਾ ਸ਼ੁਰੂ ਕੀਤਾ ਅਤੇ ਮੁਕੰਮਲ ਹੋਣ ਉਪ੍ਰੰਤ 2022 ਵਿੱਚ ਪ੍ਰਕਾਸ਼ਿਤ ਹੋਇਆ। ਇਸ ਦੌਰਾਨ ਉਸ ਨੇ ਅਨੇਕਾਂ ਸੰਬੰਧਤ ਵਿਅੱਕਤੀਆਂ, ਸਕਾਲਰਾਂ, ਸੰਸਥਾਵਾਂ ਅਤੇ ਪੁਸਤਕਾਂ ਤੋਂ ਲੋੜੀਂਦੀ ਸਮੱਗਰੀ ਇਕੱਤਰ ਕੀਤੀ, ਖਰੜੇ ਦੀ ਸੁਧਾਈ ਕੀਤੀ, ਆਪਣੀ ਨਾਨੀ ਦੀਆਂ ਕਹਾਣੀਆਂ ਤੋਂ ਪ੍ਰੇਰਨਾ, ਸੇਧ ਅਤੇ ਇਤਿਹਾਸਕ ਵੇਰਵੇ ਲਏ । ਪਰ ਜਿਸ ਦਿਨ ਇਹ ਪੁਸਤੱਕ ਰੂਪ ਵਿੱਚ ਸਾਹਮਣੇ ਆਈ, ਐਨ ਉਸੇ ਦਿਨ ਨਾਨੀ ਭੌਤਿਕ ਸਰੀਰ ਤਿਆਗ ਕੇ ਸਦਾ ਲਈ ਮਹਾਨ ਸਪਿਰਿਟ ਵਿੱਚ ਲੀਨ ਹੋ ਗਈ, ਜਿਵੇਂ ਉਸ ਦੇ ਜੀਵਨ ਦਾ ਮਕਸਦ ਪੂਰਾ ਹੋ ਗਿਆ ਹੋਵੇ। ਡੇਨੀਆਲ ਦਾ ਮੰਨਣਾ ਹੈ ਕਿ ਇਹ ਨਾਵਲ ਉਸ ਨੇ ਨਹੀਂ ਲਿਖਿਆ ਸਗੋਂ ਉਸ ਦੇ ਪੁਰਖਿਆਂ ਨੇ ਆਪ ਸਿਰੇ ਤੋਂ ਅਖੀਰ ਤੱਕ ਹਾਜ਼ਰ-ਨਾਜ਼ਰ ਹੋ ਕੇ ਲਿਖਵਾਇਆ ਹੈ। ਇਸ ਨਾਵਲ ਬਾਰੇ ਪ੍ਰਸਿੱਧ ਲੇਖਿਕਾ ਜੈਸੀਕਾ ਮੈਕਡਿਆਰਮਿਡ ਨੇ ਲਿਖਿਆ ਹੈ ਕਿ ਡੇਨੀਆਲ ਨੇ ਆਪਣੇ ਪੁਰਖਿਆਂ ਦੀ ਗਾਥਾ ਨੂੰ ਬਾਰੀਕੀ ਨਾਲ ਕਾਵਿ-ਮਈ ਸ਼ੈਲੀ ਵਿੱਚ ਬੜੇ ਪਿਆਰ ਅਤੇ ਸਤਿਕਾਰ ਨਾਲ਼ ਬਿਆਨ ਕੀਤਾ ਹੈ। ਇਹ ਨਾਵਲ ਪੁਰਾਤਨ ਮੂਲਨਿਵਾਸੀ ਔਰਤਾਂ ਨੂੰ ਬੜੇ ਚਿਰਾਂ ਤੋਂ ਲੋੜੀਂਦੀ ਆਵਾਜ਼ ਪ੍ਰਦਾਨ ਕਰਦਾ ਹੈ। ਇਹ ਇਸ ਤੱਥ ਦਾ ਦਿਲ-ਵਿੰਨ੍ਹਵਾਂ ਵਰਨਣ ਹੈ ਕਿ ਬਸਤੀਵਾਦ ਨੇ ਕਿਵੇਂ ਔਰਤਾਂ ਨੂੰ ਨਿਤਾਣੀਆਂ ਅਤੇ ਨਿਥਾਵੀਆਂ ਕਰਨ ਦੇ ਜਤਨ ਕੀਤੇ, ਇਹ ਉਨ੍ਹਾਂ ਔਰਤਾਂ ਦੀ ਅੰਦਰੂਨੀ ਸਦੀਵੀ ਸਹਿਣਸ਼ਕਤੀ ਅਤੇ ਸਿਆਣਪ ਦਾ ਵੀ ਦਸਤਾਵੇਜ਼ ਹੈ ਜਿਸ ਨੂੰ ਕੋਈ ਵੀ ਬਸਤੀਵਾਦੀ ਤਾਕਤ ਮਿਟਾ ਨਹੀਂ ਸਕੀ। ਮੈਰੀਸਾ ਸਟੈਪਲੇ ਨੇ ਲਿਖਿਆ ਹੈ ਕਿ ਇਹ ਇਤਿਹਾਸਕ ਨਾਵਲ ਬੀਤੇ ਸਮਿਆਂ ਉਪਰ ਅਜਿਹੀ ਰੌਸ਼ਨੀ ਪਾਉਂਦਾ ਹੈ ਜਿਸ ਦੇ ਚਾਨਣੇ ਅਸੀਂ (ਇਨ੍ਹਾਂ ਲੋਕਾਂ ਦੇ) ਵਰਤਮਾਨ ਨੂੰ ਸਮਝ ਸਕਦੇ ਹਾਂ। ਇਹ ਨਾਵਲ ਵਰਜੀਨੀਆ ਵੂਲਫ ਦੇ ਇਸ ਮਹਾਨ ਕਥਨ ਤੇ ਵੀ ਪੂਰਾ ਉਤਰਦਾ ਹੈ, ਨਾਵਲ ਤਾਂ ਨਾਵਲਕਾਰ ਕੋਲ਼ ਇਉਂ ਆਉਂਦਾ ਹੈ ਜਿਵੇਂ ਇੱਕ ਦਰਖਤ ਨੂੰ ਫੁੱਲ ਤੇ ਫਲ਼ ਆਉਂਦੇ ਹਨ, ਤੇ ਜਿਸ ਦੀਆਂ ਜੜ੍ਹਾਂ ਸਾਡੀ ਪਿਛਲੀ ਜ਼ਿੰਦਗੀ, ਸਾਡੇ ਪਹਿਲੇ ਤਜਰਬਿਆਂ ਤੇ ਅਨੁਭਵਾਂ ਦੀ ਜ਼ਮੀਨ ਵਿੱਚ ਡੂੰਘੀਆਂ ਹੁੰਦੀਆਂ ਹਨ।

**ਪਲਾਟ ਬਾਰੇ --** ਸਤਾਰ੍ਹਵੀਂ ਸਦੀ ਦੇ ਕੈਨੇਡਾ ਵਿੱਚ ਮੂਲਨਿਵਾਸੀਆਂ ਦੇ ਅਲਗੌਂਕਿਨ ਕਬੀਲੇ ਦੇ ਡੀਅਰ (ਹਿਰਨ) ਨਾਂ ਦੇ ਕੁਨਬੇ ਨਾਲ਼ ਸੰਬੰਧਤ ਇੱਕ ਧੀ ਦੀ ਕਹਾਣੀ ਹੈ ਜਦੋਂ ਇੱਥੇ ਫਰਾਂਸ ਅਤੇ ਬਰਤਾਨੀਆਂ ਤੋਂ ਵਪਾਰੀ / ਆਬਾਦਕਾਰ ਵੱਡੀ ਗਿਣਤੀ ਵਿੱਚ ਆਉਣੇ ਸ਼ੁਰੂ ਹੋਏ ਅਤੇ ਉਨ੍ਹਾਂ ਦੀਆਂ ਕਬਜ਼ਾ-ਕਰੂ ਨੀਤੀਆਂ ਸਦਕਾ ਇਨ੍ਹਾਂ ਲੋਕਾਂ ਦੇ ਜੀਵਨ ਵਿੱਚ ਕਿਵੇਂ ਉਥਲ-ਪੁਥਲ ਹੋਈ। ਲੇਖਿਕਾ ਦੀ ਵੰਸ਼ ਦੀ ਬਾਰ੍ਹਵੀਂ ਪੀੜ੍ਹੀ ਪਿੱਛੇ ਮੇਰੀ (ਮਿਤੀਓਅਮੈਗਾਕੁਏ - MiteHamegHkHe) 1631 ਵਿੱਚ ਜੰਮੀਂ। ਇਸ ਕੁਨਬੇ ਦੀਆਂ ਔਰਤਾਂ ਨੂੰ ਵੈਸਕਾਰਿਨੀ ( ਜਾਂ ਡੀਅਰ ਦੀਆਂ ਧੀਆਂ) ਕਿਹਾ ਜਾਂਦਾ ਸੀ। ਨਾਵਲ ਦੀ ਕਹਾਣੀ ਡੀਅਰ ਕੁਨਬੇ ਦੀ ਵਸੋਂ ਉਪਰ ਨੇੜੇ ਦੇ ਇਰੋਕੁਵੇ ਕਬੀਲੇ ਦੇ ਜੁਝਾਰੂਆਂ (Warriors) ਵੱਲੋਂ ਕੀਤੇ ਹਮਲੇ ਤੋਂ ਸ਼ੁਰੂ ਹੁੰਦੀ ਹੈ ਜਿਸ ਦੌਰਾਨ ਡੀਅਰ ਦੇ ਕਈ ਆਦਮੀ ਮਾਰੇ ਜਾਂਦੇ ਹਨ। ਮੇਰੀ ਦਾ ਪਤੀ ਅਸਾਬਾਬਿਚ ਮਾਰਿਆ ਜਾਂਦਾ ਹੈ। ਉਨ੍ਹਾਂ ਦੇ ਦੋਵੇਂ ਪੁਤਰਾਂ - ਕੈਥਰੀਨ ਅਤੇ ਪੀਅਰ ਨੂੰ ਇਰੋਕੁਵੇ ਲੈ ਜਾਂਦੇ ਹਨ ਜਿਨ੍ਹਾਂ ਦਾ ਕਦੇ ਕੋਈ ਪਤਾ ਨਹੀਂ ਲਗਦਾ। ਸੰਭਾਵਤ ਮਾਰੇ ਗਏ ਹੋਣਗੇ।

ਫਰਾਂਸ ਤੋਂ ਵਪਾਰੀ, ਆਬਾਦਕਾਰ, ਫੌਜੀ ਅਤੇ ਪਾਦਰੀ ਆਉਣੇ ਸ਼ੁਰੂ ਹੋ ਗਏ ਹਨ। ਜੱਤ ਅਤੇ ਖੱਲਾਂ ਦੇ ਵਪਾਰ ਲਈ ਮੂਜ਼, ਬਾਈਜ਼ਨ, ਬੀਵਰ ਵਗੈਰਾ ਦਾ ਅੰਨ੍ਹੇਵਾਹ ਬੇ-ਤਹਾਸ਼ਾ ਅਤੇ ਬੇ-ਲੋੜੀਦਾ ਸ਼ਿਕਾਰ ਕਰ ਰਹੇ ਹਨ। ਚਰਚ ਬਣਾ ਕੇ ਲੋਕਾਂ ਨੂੰ ਡਰ ਅਤੇ ਲਾਲਚ ਹੇਠ ਜਬਰੀ ਈਸਾਈ ਬਣਾ ਰਹੇ ਹਨ। ਲੋਕਾਂ ਦੇ ਹਜ਼ਾਰਾਂ ਸਾਲਾਂ ਤੋਂ ਚਲੇ ਆ ਰਹੇ ਰੀਤੀ ਰਿਵਾਜ ਮਿਟਾਕੇ ਆਪਣੇ ਤੌਰ-ਤਰੀਕੇ ਲਾਗੂ ਕਰ ਰਹੇ ਹਨ। ਇਹੋ ਟਕਰਾਅ ਨਾਵਲ ਦੇ ਅਖੀਰ ਤੱਕ ਚਲਦਾ ਹੈ। ਮੇਰੀ ਇਸ ਸਮੇਂ, 1650 ਵਿੱਚ, 19 ਸਾਲ ਦੀ ਹੈ। ਚੀਫ਼ ਸੇਕਮ ਦੇ ਜ਼ੋਰ ਦੇਣ ਤੇ ਨਾ ਚਾਹੁੰਦੀ ਹੋਈ ਵੀ, ਆਪਣੇ ਲੋਕਾਂ ਦੀ ਸੁਰੱਖਿਆ ਖਾਤਰ, 1657 ਵਿੱਚ ਪੀਅਰ ਕਾਊਕ ਡਿਟ ਲੈਫਲਿਉਰ ਨਾਂ ਦੇ ਫਰਾਂਸੀਸੀ ਨਾਲ਼ ਦੂਜੀ ਸ਼ਾਦੀ ਕਰਵਾ ਲੈਂਦੀ ਹੈ। ਜੈਕ ਦੀ ਸ਼ਾਦੀ ਮੇਰੀ ਦੇ ਰਿਸ਼ਤੇ ਚੋਂ ਲਗਦੀ ਭੈਣ ਮੈਡਲੀਨ ਨਾਲ਼ ਹੋ ਜਾਂਦੀ ਹੈ। ਇੱਥੋਂ ਦੀਆਂ ਔਰਤਾਂ ਨਾਲ਼ ਸ਼ਾਦੀ ਕਰ ਕੇ ਇਨ੍ਹਾਂ ਨੂੰ ਈਸਾਈ ਬਨਾਉਣਾ ਵੀ ਇੱਕ ਤਰੀਕਾ ਸੀ। ਦੂਜੀ ਸ਼ਾਦੀ ਤੋਂ ਮੇਰੀ ਦੇ ਸੱਤ ਬੱਚੇ ਹੋਏ - ਪੰਜ ਧੀਆਂ, ਦੋ ਪੁੱਤ। ਇੱਕ ਸਾਲ ਸੋਕਾ ਪਿਆ, ਮੱਕੀ, ਤਰਬੂਜ਼ ਦੀ ਫਸਲ ਨਹੀਂ ਹੋਈ। ਸੇਕਮ ਨੌਜਵਾਨਾਂ ਨੂੰ ਸ਼ਿਕਾਰ ਲਈ ਭੇਜਦਾ ਹੈ ਤਾਂ ਜੋ ਸਰਦੀਆਂ ਲਈ ਖੁਰਾਕ ਜਮ ?ਹਾਂ ਹੋ ਸਕੇ। ਸ਼ਿਕਾਰ ਟੋਲੀ ਵਿੱਚ ਤਿੰਨ ਗੋਰੇ - ਪੀਅਰ, ਜੈਕ, ਹੈਨਰੀ ਅਤੇ ਪੰਜ ਡੀਅਰ ਕਬੀਲੇ ਦੇ (ਵੈਸਕਾਰਿਨੀ) - ਅਨਾਹੂ, ਤੀਹਕੂਸ, ਗਿਲਬਰਟ, ਮਿੰਗਨ, ਐਚੀਮਿਨ ਸ਼ਾਮਲ ਹਨ। ਅਨਾਹੂ ਅਤੇ ਤਿਹਕੂਸ ਸਮ-ਲਿੰਗੀ ਹਨ। ਇਸ ਸੰਬੰਧ ਨੂੰ ਕਬੀਲਿਆਂ ਅੰਦਰ ਪਵਿੱਤਰ ਮੰਨਿਆਂ ਜਾਂਦਾ ਹੈ ਪਰ ਚਰਚ ਮਨਾਹੀ ਕਰਦਾ ਹੈ। ਮੇਰੀ ਪੀਅਰ ਨੂੰ ਦਸਦੀ ਹੈ ਕਿ ਅਜਿਹਾ ਪਿਆਰ ਚਰਚ ਦੀਆਂ ਅੰਤਰ-ਨਸਲੀ ਜੋੜੀਆਂ ਨਾਲ਼ੋਂ ਜ਼ਿਆਦਾ ਅਸਲੀ ਤੇ ਸੱਚਾ ਹੈ। ਉਹ ਪੀਅਰ ਨੂੰ ਮੂਜ਼ ਕਾਲਰ ਦਿੰਦੀ ਹੈ ਜਿਸ ਦੇ ਵਜਾਉਣ ਨਾਲ ਮੂਜ਼ ਨੇੜੇ ਆ ਜਾਂਦੇ ਹਨ ਤੇ ਸ਼ਿਕਾਰ ਬਣ ਜਾਂਦੇ ਹਨ। ਮੇਰੀ ਓਦੋਂ ਅੱਠ ਮਹੀਨੇ ਦੀ ਗਰਭਵਤੀ ਹੈ। ਮੈਡਲੀਨ ਵੀ। ਮੇਰੀ ਪੁਸ਼ਤੈਨੀ ਵਡੇਰੀ (ਟੇਵਿਆਂ, ਮੰਤਰਾਂ, ਦਵਾਈਆਂ ਵਾਲ਼ੀ ਸਿਆਣੀ ਔਰਤ) ਨੈਂਡੀ ਕੋਲ਼ ਜਾਂਦੀ ਹੈ ਜੋ ਭਵਿੱਖਬਾਣੀ ਕਰਦੀ ਹੈ ਕਿ ਪਵਿੱਤਰ ਕਿਸਮ ਦੀ ਬਹਾਦਰ ਬੱਚੀ ਪੈਦਾ ਹੋਵੇਗੀ ਪਰ ਬੁਰਾਈ ਉਸ ਦਾ ਪਿੱਛਾ ਕਰਦੀ ਰਹੇਗੀ ਤੇ ਉਸ ਦਾ ਅੰਤ ਬਹੁਤ ਦੁੱਖਦਾਈ ਹੋਵੇਗਾ।

ਟੋਲੀ ਨੂੰ ਸ਼ਿਕਾਰ ਦੀ ਭਾਲ਼ ਵਿੱਚ ਬਹੁਤ ਦੂਰ ਜਾਣਾ ਪੈਂਦਾ ਹੈ। ਮੂਜ਼ ਕਾਲਰ ਦੀ ਵਰਤੋਂ ਨਾਲ਼ ਪੀਅਰ ਅਤੇ ਜੈਕ ਇੱਕ ਵੱਡੇ ਨਰ ਮੂਜ਼ ਦਾ ਸ਼ਿਕਾਰ ਕਰ ਲੈਂਦੇ ਹਨ। ਅਨਾਹੂ ਅਤੇ ਟਿਹਕੂਸ ਮਾਦਾ ਮੂਜ਼ ਮਾਰ ਲੈਂਦੇ ਹਨ। ਏਨੇ ਨੂੰ ਇਰੋਕੁਵਾ ਦੇ ਚੋਬਰ ਆ ਜਾਂਦੇ ਹਨ। ਇਨਾਹੂ ਉਨ੍ਹਾਂ ਨੂੰ ਉਲ਼ਝਾ ਕੇ ਬਾਕੀ ਸਾਥੀਆਂ ਨੂੰ ਬਚ ਕੇ ਸ਼ਿਕਾਰ ਲਿਜਾਣ ਦਾ ਵਸੀਲਾ ਬਣਦਾ ਹੈ ਪਰ ਆਪ ਮਾਰਿਆ ਜਾਂਦਾ ਹੈ। ਜਦੋਂ ਤੱਕਰੀਬਨ ਮਹੀਨੇ ਬਾਦ ਵਾਪਸ ਆਉਂਦੇ ਹਨ ਤਾਂ ਮੇਰੀ ਨੇ ਧੀ ਨੂੰ ਜਨਮ ਦਿੱਤਾ ਹੈ ਅਤੇ ਮੈਡਲੀਨ ਨੇ ਪੁਤਰ ਨੂੰ। ਧੀ ਦਾ ਨਾਂ ਜੀਨੀ (ਫਰੈਂਚ ਵਿੱਚ ਜੈੱਨ) ਅਤੇ ਮੁੰਡੇ ਦਾ ਨਾਂ ਸਈਮਨ ਰਖਦੇ ਹਨ।



ਯੂਰਪੀਨ ਲੋਕ ਆਪਣੇ ਨਾਲ਼ ਨਾਮੁਰਾਦ ਬੀਮਾਰੀਆਂ - ਤਪਦਿਕ, ਖਸਰਾ, ਮਿਆਦੀ ਬੁਖਾਰ ਵਗੈਰਾ ਦੇ ਜਰਮ ਲੈਕੇ ਆਏ ਸਨ ਜੋ ਪਹਿਲਾਂ ਇਸ ਧਰਤੀ ਉਪਰ ਨਹੀਂ ਸਨ ਜਿਸ ਕਰ ਕੇ ਇੱਥੋਂ ਦੇ ਲੋਕਾਂ ਦੇ ਸਰੀਰ ਅੰਦਰ ਇਨ੍ਹਾਂ ਰੋਗਾਂ ਪ੍ਰਤੀ ਰੋਗ-ਰੋਕੂ ਸ਼ਕਤੀ (ਇਮਿਊਨਿਟੀ) ਨਹੀਂ ਸੀ। ਇਨ੍ਹਾਂ ਬੀਮਾਰੀਆਂ ਨਾਲ਼ ਇਹ ਲੋਕ ਮਰ ਰਹੇ ਸਨ, ਘਰਾਂ ਦੇ ਘਰ ਖਾਲੀ ਹੋ ਰਹੇ ਸਨ, ਪਿੰਡਾਂ ਦੇ ਪਿੰਡ ਉੱਜੜ ਰਹੇ ਸਨ। ਇੱਕ ਬੀਮਾਰੀ ਤਪਦਿਕ ਦਾ ਸ਼ਿਕਾਰ ਚੀਫ਼ ਸੇਕਮ ਵੀ ਹੋ ਗਿਆ। ਉਸ ਦੀ ਮੌਤ ਤੇ ਕਬੀਲੇ ਦੇ ਸਾਰੇ ਲੋਕ ਉਸ ਦੇ ਵਿਗਵੈਮ (ਲੱਕੜੀ ਦਾ ਸਿਲੰਡਰ-ਨੁਮਾ ਘਰ) ਦੇ ਬਾਹਰ ਵਿਰਲਾਪ ਕਰ ਰਹੇ ਹਨ। ਫਾਦਰ ਜੋਲੀਕੋਇਰ ਚਰਚ ਦੀਆਂ ਰਸਮਾਂ ਕਰ ਰਿਹਾ ਹੈ , ਨੈਂਡੀ ਪੁਰਾਤਨ ਰਸਮ ਮੁਤਾਬਕ ਅੱਖਾਂ ਮੀਚ ਕੇ, ਹਥੇਲ਼ੀਆਂ ਉਪਰ ਨੂੰ ਕਰ ਕੇ ਬੈਠੀ ਹੈ, ਧੂਫ ਦੇ ਰਹੀ ਹੈ, ਚੀਫ਼ ਦੀ ਆਤਮਾ ਦੇ ਸੁਖਾਵੇਂ ਸਫਰ ਲਈ ਪ੍ਰਾਰਥਨਾ ਵਿੱਚ ਮਗਨ ਹੈ। ਇੱਥੇ ਬਾਸਾਬਿਨ ਮੇਰੀ ਨੂੰ ਰੋ ਕੇ ਦਸਦਾ ਹੈ ਕਿ ਉਸ ਦੀ ਪਤਨੀ ਅਤੇ ਬੱਚਾ ਖਸਰੇ ਦਾ ਸ਼ਿਕਾਰ ਹੋ ਗਏ ਹਨ। ਦਿਉਰ-ਭਰਜਾਈ ਇੱਕ ਦੂਜੇ ਦੇ ਗਲ਼ ਲੱਗ ਕੇ ਰੋਂਦੇ ਹਨ।

ਜੀਨੀ ਦੇ ਤੌਰ-ਤਰੀਕੇ ਆਪਣੀਆਂ ਛੋਟੀਆਂ ਭੈਣਾਂ ਨਾਲ਼ੋਂ ਵੱਖਰੇ ਹਨ। ਉਹ ਅਲਹਿਦਾ ਕੱਪੜੇ ਪਹਿਨਦੀ ਹੈ, ਹਿਰਨ ਦੀ ਖੱਲ ਦਾ ਕਮੀਜ਼ ਅਤੇ ਪੈਂਟ। ਦਰਿਆ ਤੇ ਜਾਂਦੀ ਹੈ, ਜਿੱਥੇ ਉਸ ਨੂੰ ਜੋਸਫੀਨ ਨਾਂ ਦੀ ਕੁੜੀ ਮਿਲਦੀ ਹੈ। ਦੋਵੇਂ ਆਪਸ ਵਿੱਚ ਅਨੋਖੇ ਪ੍ਰੇਮ-ਬੰਧਨ ਵਿੱਚ ਬੱਝ ਜਾਂਦੀਆਂ ਹਨ। ਮੇਰੀ ਨੂੰ ਪਤਾ ਹੈ ਤੇ ਜੀਨੀ ਨੂੰ ਦਸਦੀ ਹੈ ਕਿ ਗੋਰੇ ਲੋਕ ਇਸ ਨੂੰ ਪਾਪ ਸਮਝਦੇ ਹਨ। ਜੈਕ ਵਿਲ- ਮੇਰੀ ਵਿਖੇ ਬਸਤੀ ਦਾ ਮੈਨੇਜਰ ਲੱਗ ਜਾਂਦਾ ਹੈ। ਉਹ ਸ਼ਰਾਬੀ ਹੈ, ਮੈਡਲੀਨ ਨਾਲ਼ ਦੁਰਵਿਹਾਰ ਕਰਦਾ ਹੈ, ਕਈ ਰਾਤਾਂ ਬਾਹਰ ਬਿਤਾਉਂਦਾ ਹੈ ਪਰ ਚਾਲੂ ਕਿਸਮ ਦਾ ਹੋਣ ਕਰ ਕੇ ਬਸਤੀ ਅੰਦਰ ਚੰਗਾ ਰੁਤਬਾ ਬਣਾਈ ਰਖਦਾ ਹੈ। ਮਿਲੀ ਜ਼ਮੀਨ ਵਿੱਚੋਂ ਬਾਰਾਂ ਏਕੜ ਪੀਅਰ ਨੂੰ ਦੇ ਦਿੰਦਾ ਹੈ। ਪੀਅਰ ਫਸਲ ਅਤੇ ਸਬਜ਼ੀਆਂ ਪੈਦਾ ਕਰ ਕੇ ਪਰਿਵਾਰ ਦਾ ਚੰਗਾ ਗੁਜ਼ਾਰਾ ਚਲਾ ਰਿਹਾ ਹੈ। ਉਹ ਆਪਣੇ ਬੱਚਿਆਂ ਨੂੰ ਬਾਈਬਲ ਦੀਆਂ ਕਹਾਣੀਆਂ ਸੁਣਾਉਂਦਾ ਅਤੇ ਫਰੈਂਚ ਸਿਖਾਉਂਦਾ ਹੈ, ਪਰ ਬੱਚੇ ਮਾਂ ਦੀ ਅਲਗੌਂਕਿਨ ਬੋਲੀ ਬੋਲਦੇ ਹਨ। 1675 ਵਿੱਚ ਇੱਕ ਸਵੇਰੇ ਜਦੋਂ ਜੀਨੀ ਜੋਸਫੀਨ ਨੂੰ ਮਿਲਦੀ ਹੈ ਤਾਂ ਪਤਾ ਲਗਦਾ ਹੈ ਕਿ ਜੋਸਫੀਨ ਦਾ ਪਿਤਾ ਉਸ ਦਾ ਵਿਆਹ ਕਰਨ ਵਾਲ਼ਾ ਹੈ। ਫਰਾਂਸ ਦੇ ਬਾਦਸ਼ਾਹ ਦਾ ਹੁਕਮ ਸੀ ਕਿ ਮੂਲਨਿਵਾਸੀ ਕੁੜੀਆਂ ਦਾ 17 ਸਾਲ ਦੀ ਉਮਰ ਵਿੱਚ ਵਿਆਹ ਹੋਣਾ ਲਾਜ਼ਮੀ ਹੈ, ਨਹੀਂ ਤਾਂ ਭਾਰੀ ਜੁਰਮਾਨਾ ਦੇਣਾ ਪੈਂਦਾ ਸੀ। ਅਜਿਹੇ ਵਿਆਹ ਮੌਕੇ ਕੁੜੀ ਦੇ ਪਿਤਾ ਨੂੰ 150 ਪੌਂਡ ਮਿਲਦੇ ਸਨ ਅਤੇ ਟੱਬਰ ਦਾ ਇੱਕ ਜੀਅ ਵੀ ਘਟਦਾ ਸੀ। ਉਹ ਦੋਵੇਂ ਭੱਜ ਜਾਣ ਦੀ ਸਲਾਹ ਬਣਾਉਂਦੀਆਂ ਹਨ ਪਰ ਇੱਕ ਦਿਨ ਇੱਕ ਪਾਦਰੀ ਘਰ ਜਾ ਕੇ 16 ਸਾਲ ਦੀ ਜੋਸਫੀਨ ਦਾ ਵਿਆਹ ਫਰਾਂਸੀਸੀ ਬੁਢੜੇ ਰੋਲੈਂਡ ਫੋਰਟਿਨ ਨਾਲ ਕਰ ਦਿੰਦਾ ਹੈ। ਇਹ ਉਹ ਸਮਾਂ ਸੀ ਜਦੋਂ ਕਬੀਲੇ ਦੀਆਂ 11 ਸਾਲਾ ਕੁੜੀਆਂ ਨੂੰ ਜ਼ਬਰਦਸਤੀ ਕਾਨਵੈਂਟ ਵਿੱਚ ਦਾਖਲ ਕਰ ਕੇ ਬਸਤੀਵਾਦੀਆਂ ਦੀਆਂ ਚੰਗੀਆਂ ਪਤਨੀਆਂ ਬਨਣ ਦੀ ਸਿਖਲਾਈ ਦਿੱਤੀ ਜਾ ਰਹੀ ਸੀ। ਇਨ੍ਹਾਂ ਮਾਸੂਮਾਂ ਨਾਲ ਬਹੁਤ ਮਾੜਾ ਵਰਤਾਅ ਕੀਤਾ ਜਾਂਦਾ ਸੀ। ਕਈ ਤਾਂ ਦੁਖੀ ਹੋ ਕੇ ਦਮ ਤੋੜ ਜਾਂਦੀਆਂ ਸਨ। ਲੋਕਾਂ ਨੂੰ ਜ਼ਬਰਦਸਤੀ ਈਸਾਈ ਬਣਾਇਆ ਜਾ ਰਿਹਾ ਸੀ। ਉਨ੍ਹਾਂ ਨੂੰ ਕੋੜੇ ਮਾਰੇ ਜਾਂਦੇ, ਪੱਥਰ ਮਾਰੇ ਜਾਂਦੇ, ਚਮੜੀ ਉਧੇੜੀ ਜਾਂਦੀ, ਚੌਰਾਹੇ ਵਿੱਚ ਬੰਨ੍ਹ ਕੇ ਜ਼ਲੀਲ ਕੀਤਾ ਜਾਂਦਾ।


ਸੇਂਟ-ਜੀਨ-ਬਾਪਟਿਸਟ ਦਿਵਸ ਮੌਕੇ ਜੀਨੀ ਫੇਰ ਜੋਸਫੀਨ ਨੂੰ ਭੱਜਣ ਦੀ ਸਲਾਹ ਦਿੰਦੀ ਹੈ ਪਰ ਜੋਸਫੀਨ ਕਹਿੰਦੀ ਹੈ ਕਿ ਉਹ ਅਜਿਹਾ ਨਹੀਂ ਕਰ ਸਕਦੀ ਕਿਉਂਕਿ ਉਹ ਏਨੀ ਬਹਾਦਰ ਨਹੀਂ ਅਤੇ ਰੋਲੈਂਡ ਨੂੰ ਸਾਰਾ ਪਤਾ ਹੈ, ਉਸ ਨੂੰ ਬਹੁਤ ਕੁਟਦਾ ਹੈ। ਇੱਕ ਸਵੇਰੇ ਜਦੋਂ ਜੀਨੀ ਜੋਸਫੀਨ ਨੂੰ ਦਰਿਆ ਤੇ ਮਿਲਣ ਜਾਂਦੀ ਹੈ ਤਾਂ ਰੋਲੈਂਡ ਕਿਸ਼ਤੀ ਲੈ ਕੇ ਆਉਂਦਾ ਹੈ, ਜੋਸਫੀਨ ਨੂੰ ਦਰਿਆ ਵਿੱਚ ਸੁੱਟ ਕੇ ਕਹਿੰਦਾ ਹੈ, ਲੈ ਸਾਂਭ ਲੈ, ਇਹ ਜੇਬਾਂ ਵਿੱਚ ਪੱਥਰ ਪਾ ਕੇ ਡੁੱਬ ਗਈ ਸੀ। ਜੀਨੀ ਧਾਹਾਂ ਮਾਰਦੀ ਹੈ। ਉਸ ਨੂੰ ਲੱਭਣ ਆਏ ਪੀਅਰ ਅਤੇ ਉਸ ਦਾ ਪੁੱਤਰ ਲੂਈ ਜੋਸਫੀਨ ਦੀ ਲਾਸ਼ ਨੂੰ ਕਿਸ਼ਤੀ ਵਿੱਚ ਪਾ ਕੇ ਉਸ ਦੇ ਮਾਪਿਆਂ ਕੋਲ਼ ਛੱਡ ਆਉਂਦੇ ਹਨ। ਰੋਲੈਂਡ ਫਰਾਂਸ ਪਰਤ ਜਾਂਦਾ ਹੈ।

ਜੀਨੀ ਅੰਤਾਂ ਦੀ ਉਦਾਸ ਰਹਿਣ ਲਗਦੀ ਹੈ। ਮੇਰੀ ਉਸ ਨੂੰ ਇਸ ਹਾਲਤ ਵਿੱਚੋਂ ਕੱਢਣ ਲਈ ਆਪਣੇ ਪੁਸ਼ਤੈਨੀ ਤੌਰ-ਤਰੀਕੇ ਨਾਲ ਰਹਿਣ ਦਾ ਇੰਤਜ਼ਾਮ ਕਰਦੀ ਹੈ। ਬੱਚਿਆਂ ਦੀ ਮਦਦ ਨਾਲ਼ ਡਾਹਣੀਆਂ ਤੋੜ ਕੇ ਵਿਗਵੈਮ ਬਣਾਉਂਦੀ ਹੈ, ਇਸ ਵਿੱਚ ਅੱਗ ਬਾਲ਼ਦੀ ਹੈ, ਧੂਫ ਧੁਖਾਉਂਦੀ ਹੈ ਅਤੇ ਜੀਨੀ ਨੂੰ ਇੱਥੇ ਰਹਿਣ ਲਾ ਦਿੰਦੀ ਹੈ। ਜੀਨੀ ਮਰਜ਼ੀ ਨਾਲ਼ ਜੰਗਲਾਂ ਵਿੱਚ ਘੁੰਮ ਆਉਂਦੀ ਹੈ। ਉਹ ਆਪਣੇ ਆਪ ਨੂੰ ਜੋਸਫੀਨ ਦੀ ਮੌਤ ਲਈ ਜ਼ਿੰਮੇਵਾਰ ਮੰਨਦੀ ਹੈ। ਇੱਕ ਸਵੇਰ ਜੀਨੀ ਨੂੰ ਦਰਿਆ ਕਿਨਾਰੇ ਜੰਗਲ ਵਿੱਚ ਸਾਈਮਨ ਆਪਣੇ ਖੇਤ-ਮਜ਼ਦੂਰ ਸਮੇਤ ਆ ਮਿਲਦਾ ਹੈ। ਉਹ ਜੀਨੀ ਨੂੰ ਬੁਰਾ-ਭਲਾ ਕਹਿੰਦਾ ਤੇ ਕੁਟਦਾ ਮਾਰਦਾ ਹੈ। ਜੀਨੀ ਨੂੰ ਲਭਦਾ ਪੀਅਰ ਆ ਜਾਂਦਾ ਹੈ, ਸਾਈਮਨ ਉਸ ਨੂੰ ਵੀ ਬੁਰੀ ਤਰ੍ਹਾਂ ਸੁੱਟ ਦਿੰਦਾ ਹੈ। ਹੋਸ਼ ਆਉਣ ਤੇ ਪੀਅਰ ਸਾਹ-ਸਤ ਹੀਣ ਹੋਈ ਜੀਨੀ ਨੂੰ ਚੁੱਕ ਕੇ ਘਰ ਲੈ ਆਉਂਦਾ ਹੈ। ਮੇਰੀ ਨੂੰ ਜਿਸ ਭੈੜੇ ਦਿਨ ਦਾ ਹਰ ਵੇਲ਼ੇ ਤੌਖਲਾ ਰਹਿੰਦਾ ਸੀ, ਉਹ ਦਿਨ ਆ ਹੀ ਗਿਆ। ਨੈਂਡੀ ਦੀ ਭਵਿੱਖਬਾਣੀ ਪੂਰੀ ਹੋ ਗਈ। ਜੀਨੀ ਦੀ ਦੇਹ ਨੂੰ ਇਸ਼ਨਾਨ ਕਰਵਾ ਕੇ ਵਧੀਆ ਪੁਸ਼ਾਕ ਪੁਆਈ, ਕੇਸ ਵਾਹੇ, ਉਸ ਦੇ ਹੱਥ ਛਾਤੀ ਉਪਰ ਟਿਕਾਏ। ਮੇਰੀ ਉਸ ਨੂੰ ਬੁੱਕਲ ਵਿੱਚ ਲੈਕੇ ਵਿਗਵੈਮ ਵਿੱਚ ਬੈਠੀ ਹੈ। ਚੰਦ ਪੂਰਾ ਚੜ੍ਹਿ ਆ ਹੈ, ਬਾਰੀ ਥਾਣੀ ਰਿਸ਼ਮਾਂ ਅੰਦਰ ਆਉਂਦੀਆਂ ਹਨ, ਇੱਕ ਪਰਛਾਵਾਂ ਦਿਸਦਾ ਹੈ - ਜੋਸਫੀਨ ਵਰਗਾ, ਮੇਰੀ ਹੱਥ ਹਿਲਾਉਂਦੀ ਹੈ, ਪਰਛਾਵਾਂ ਵੀ ਇਵੇਂ ਕਰਦਾ ਹੈ ਤੇ ਅਲੋਪ ਹੋ ਜਾਂਦਾ ਹੈ। ਮੇਰੀ ਅੱਗ ਵਿੱਚ ਤੰਬਾਕੂ ਦੀਆਂ ਦੋ ਚੂੰਢੀਆਂ ਸੁਟਦੀ ਹੈ, ਪ੍ਰਾਰਥਨਾ ਕਰਦੀ ਹੈ ਕਿ ਜੀਨੀ ਦੀ ਰੂਹ ਸਹੀ ਥਾਂ ਜਾਵੇ।

ਡੇਨੀਅਲ ਨੇ ਕਹਾਣੀ ਨੂੰ ਅੰਤਿਕਾ ਰਾਹੀਂ ਸਮੇਟਿਆ ਹੈ। ਜੀਨੀ ਦੀ ਮੌਤ ਤੋਂ ਦੋ ਦਿਨ ਮਗਰੋਂ ਉਸ ਨੂੰ ਟਰਾਅ ਰਿਵੀਅਰ ਵਿਖੇ ਉਸ ਥਾਂ ਦਫ਼ਨਾਇਆ ਗਿਆ ਜਿੱਥੇ ਮੇਰੀ ਦੇ ਪੁਰਖੇ ਦਫ਼ਨਾਏ ਹੋਏ ਸਨ । ਪੀਅਰ ਇਸ ਤੋਂ ਗਿਆਰਾਂ ਸਾਲ ਬਾਦ ਤੱਕ ਜਿਉਂਦਾ ਰਿਹਾ। ਇਰੋਕੁਵਾ ਜਵਾਨਾਂ ਨੇ ਜੈਕ ਅਤੇ ਸਾਈਮਨ ਨੂੰ ਕਣਕ ਦੀ ਵਾਢੀ ਕਰਦਿਆਂ ਨੂੰ ਫੜ ਕੇ ਤਸੀਹੇ ਦੇ ਕੇ ਮਾਰਿਆ। ਪੀਅਰ ਦੀ ਮੌਤ ਮਗਰੋਂ ਮੇਰੀ ਤੋਂ ਘਰ ਸਮੇਤ ਸਭ ਕੁਛ ਖੋਹ ਲਿਆ। ਉਹ ਪਹਿਲਾਂ ਵਾਂਗ ਆਪਣੇ ਪੁਸ਼ਤੈਨੀ ਥਾਂ ਤੇ ਰਹਿਣ ਲੱਗ ਪਈ। 8 ਜਨਵਰੀ, 1699 ਨੂੰ ਮੌਤ ਹੋਣ ਤੇ ਮੇਰੀ ਨੂੰ ਟਰਾਅ ਰਿਵੀਅਰ ਦੇ ਨੋਟਰ-ਡੇਮ ਕਬਰਿਸਤਾਨ ਵਿੱਚ ਈਸਾਈ ਰਹੁ-ਰੀਤਾਂ ਅਨੁਸਾਰ ਦਫ਼ਨਾਇਆ ਗਿਆ। ਉਸ ਦੀ ਕਬਰ ਉੱਤੇ ਸਾਦੇ ਜਿਹੇ ਪੱਥਰ ਉਪਰ ਉਕਰਿਆ ਹੋਇਆ ਹੈ ---

**ਇੱਕ ਗੰਵਾਰ ਔਰਤ - ਮੌਤ 1699**

ਪਾਤਰ ਉਸਾਰੀ -- ਨਾਵਲ ਦੀ ਨਾਇਕਾ ਮੇਰੀ ਆਪਣੇ ਡੀਅਰ ਕਬੀਲੇ ਦੀ ਪ੍ਰਤੀਨਿਧ ਪਾਤਰ ਹੈ ਜੋ ਇਸ ਦੀਆਂ ਪੁਰਾਤਨ ਰਹੁ-ਰੀਤਾਂ ਨੂੰ ਪੂਰਨ ਤੌਰ ਤੇ ਪਰਣਾਈ ਹੋਈ ਹੈ।




ਇਸ ਪਾਤਰ ਰਾਹੀਂ ਉਸ ਸਮੇਂ ਦੀ ਪਰਿਵਾਰਿਕ, ਸਮਾਜਿਕ, ਆਰਥਿਕ ਅਤੇ ਪ੍ਰਬੰਧਕ ਅਵਸਥਾ ਦੇ ਸਾਖਸ਼ਾਤ ਦਰਸ਼ਨ ਹੁੰਦੇ ਹਨ। ਉਸ ਨੂੰ ਪੁਰਖਿਆਂ ਦੀਆਂ ਕਹਾਣੀਆਂ ਦਾ ਗਿਆਨ ਹੈ। ਦੂਜੀ ਸ਼ਾਦੀ ਫਰਾਂਸੀਸੀ ਨਾਲ਼ ਹੋਣ ਦੇ ਬਾਵਜੂਦ, ਈਸਾਈ ਧਰਮ ਧਾਰਨ ਕਰਨ ਦੀ ਮਜਬੂਰੀ ਦੇ ਬਵਜੂਦ ਉਹ ਆਪਣੇ ਪਿਤਾ-ਪੁਰਖੀ ਵਿਰਸੇ ਨੂੰ ਨਹੀਂ ਵਿਸਾਰਦੀ, ਸਗੋਂ ਇਸ ਵਿਰਸੇ ਅਤੇ ਇਸਾਈ ਧਰਮ ਵਿੱਚਕਾਰ ਟਕਰਾਅ ਵਿੱਚ ਦੀ ਵਿੱਚਰਦੀ ਹੋਈ ਅਡੋਲ, ਮਜ਼ਬੂਤ ਇਰਾਦੇ ਵਾਲ਼ੀ, ਦੁੱਖ, ਮੁਸੀਬਤਾਂ ਸਹਾਰਦੀ ਹੋਈ ਹਰ ਸਥਿਤੀ ਵਿੱਚ ਹਾਵੀ ਰਹਿੰਦੀ ਹੈ। ਮੇਰੀ ਦੀ ਹਰੇਕ ਹਰਕਤ, ਪੁਸ਼ਾਕ, ਕੰਮ ਕਰਨ ਦਾ ਤੌਰ ਤਰੀਕਾ, ਉਸ ਦੀ ਸੋਚ, ਉਸ ਦੇ ਇਰਾਦੇ, ਉਸ ਦੇ ਵਿਸ਼ਵਾਸ ਅਤੇ ਉਸ ਦੇ ਕਿਰਦਾਰ ਦੇ ਹਰੇਕ ਪੱਖ ਨੂੰ ਬਹੁਤ ਹੀ ਬਰੀਕੀ, ਵੇਰਵੇ ਅਤੇ ਮੁਹਾਰਤ ਨਾਲ਼ ਦਰਸਾਇਆ ਗਿਆ ਹੈ।

ਮੇਰੀ ਦਾ ਦਿਉਰ ਬਾਸਾਬਿਨ ਆਪਣੇ ਭਰਾ ਦੀ ਮੌਤ ਮਗਰੋਂ ਮੇਰੀ ਨਾਲ਼ ਸ਼ਾਦੀ ਕਰਨਾ ਚਾਹੁੰਦਾ ਹੈ ਪਰ ਚੀਫ਼ ਸੇਕਮ ਦੇ ਕਹਿਣ ਤੇ ਮੇਰੀ ਨੂੰ ਮਜਬੂਰਨ ਪੀਅਰ ਨਾਲ ਸ਼ਾਦੀ ਕਰਨੀ ਪੈਂਦੀ ਹੈ। ਬਾਸਾਬਿਨ ਆਬਾਦਕਾਰਾਂ ਦੇ ਖਿਲਾਫ਼ ਆਪਣੇ ਲੋਕਾਂ ਦੀ ਆਵਾਜ਼ ਬਣ ਕੇ ਉਭਰਦਾ ਹੈ। ਪੀਅਰ ਪ੍ਰਤੀ ਉਸ ਦੀ ਨਫ਼ਰਤ ਇਸ ਦੀ ਮਿਸਾਲ ਹੈ। ਸੇਕਮ ਦੀ ਮੌਤ ਮਗਰੋਂ ਦੋਵੇਂ ਦਿਉਰ-ਭਰਜਾਈ ਇੱਕ ਦੂਜੇ ਦੇ ਗਲ਼ੇ ਲੱਗ ਕੇ ਰੋਂਦੇ ਹਨ ਜੋ ਪਰਿਵਾਰਿਕ ਰਿਸ਼ਤੇ ਦੀ ਪਵਿੱਤਰਤਾ, ਮਹਾਨਤਾ ਅਤੇ ਅਹਿਮੀਅਤ ਨੂੰ ਦਰਸਾਉਂਦਾ ਹੈ। ਪੀਅਰ ਦੇ ਕਿਰਦਾਰ ਨੂੰ ਇੱਕ ਵਧੀਆ ਮਨੁੱਖ, ਪਤੀ ਅਤੇ ਪਿਤਾ ਵਜੋਂ ਉਭਾਰਿਆ ਗਿਆ ਹੈ। ਈਸਾਈ ਹੋਣ ਦੇ ਬਾਵਜੂਦ ਉਹ ਪਰਿਵਾਰ ਦੇ ਜੀਆਂ ਉਪਰ ਆਪਣੀਆਂ ਰਹੁ-ਰੀਤਾਂ ਨਹੀਂ ਠੋਸਦਾ ਸਗੋਂ ਉਨ੍ਹਾਂ ਦੇ ਕਬੀਲਿਆਈ ਹੱਕਾਂ ਉਪਰ ਪਹਿਰਾ ਦਿੰਦਾ ਹੈ। ਉਹ ਚਰਚ ਅਤੇ ਫਰਾਂਸੀਸੀ ਕਦਰਾਂ-ਕੀਮਤਾਂ ਦੀ ਪੈਰਵਾਈ ਤਾਂ ਕਰਦਾ ਹੈ, ਇਨ੍ਹਾਂ ਨੂੰ ਲਾਗੂ ਕਰਨ ਲਈ ਮੇਰੀ ਨੂੰ ਸਮਝਾਉਂਦਾ ਵੀ ਹੈ ਪਰ ਲਾਗੂ ਕਰਨ ਲਈ ਜ਼ਬਰਦਸਤੀ ਨਹੀਂ ਕਰਦਾ। ਅਲਗੌਂਕਿਨ ਜਵਾਨਾਂ ਨਾਲ਼ ਸ਼ਿਕਾਰ ਕਰਨ ਵੀ ਜਾਂਦਾ ਹੈ। ਉਸ ਦਾ ਸਾਥੀ ਜੈਕ ਬਹਾਦਰ ਹੈ, ਸ਼ਰਾਬੀ ਹੈ, ਧੱਕੜ ਹੈ, ਮੈਡਲੀਨ ਨਾਲ਼ ਦੁਰਵਿਹਾਰ ਕਰਦਾ ਹੈ ਅਤੇ ਬਸਤੀਵਾਦੀ ਸੋਚ ਦਾ ਪ੍ਰਤਿਨਿਧ ਪਾਤਰ ਹੈ। ਮੈਡਲੀਨ ਮੇਰੀ ਵਾਂਗ ਦਲੇਰ ਨਹੀਂ, ਉਹ ਨਿਰਵਿਰੋਧ ਜ਼ੁਲਮ ਸਹੀ ਜਾਂਦੀ ਹੈ। ਸਾਈਮਨ ਵਿਗੜਿਆ ਹੋਇਆ ਨੌਜਵਾਨ ਹੈ। ਅਨਾਹੂ ਅਤੇ ਟੀਹਕੂਸ ਕਬੀਲੇ ਦੇ ਵਿਸ਼ੇਸ਼ ਬਿਰਤੀ ਵਾਲ਼ੇ ਪਾਤਰ ਹਨ, ਇਸੇ ਤਰ੍ਹਾਂ ਜੀਨੀ ਅਤੇ ਜੋਸਫੀਨ ਵੀ। ਟੀਹਕੂਸ ਦਾ ਜਾਨ ਵਾਰ ਕੇ ਵੀ ਸਾਥੀਆਂ ਨੂੰ ਬਚਾਉਣਾ ਇਸ ਤਰ੍ਹਾਂ ਦੇ ਕਿਰਦਾਰ ਨੂੰ ਮਹਾਨਤਾ ਬਖ਼ਸ਼ਦਾ ਹੈ। ਜੀਨੀ ਦਾ ਜੋਸਫੀਨ ਪ੍ਰਤੀ ਅੰਤਾਂ ਦਾ ਪਿਆਰ ਅਤੇ ਉਸ ਦੀ ਮੌਤ ਮਗਰੋਂ ਉਸ ਲਈ ਜ਼ਿੰਮੇਵਾਰ ਮੰਨਣ ਦਾ ਪਛਤਾਵਾ ਉਸ ਨੂੰ ਇੱਕ ਵਧੀਆ ਇਨਸਾਨ ਵਜੋਂ ਪੇਸ਼ ਕਰਦਾ ਹੈ। ਜੀਨੀ ਅਤੇ ਜੋਸਫੀਨ ਦੀ ਪਾਤਰ ਉਸਾਰੀ ਕਰਨ ਲਈ ਇਨ੍ਹਾਂ ਦੇ ਧਾਰਮਿਕ ਵਿਸ਼ਵਾਸ ਨੂੰ ਵੀ ਉਜਾਗਰ ਕੀਤਾ ਗਿਆ ਹੈ ਕਿ ਦੂਹਰੀ ਰੂਹ (ਡਬਲ ਸਪਿਰਿਟ) ਵਾਲ਼ੇ ਬੱਚੇ ਅਵੱਲੇ ਪਰ ਪਵਿੱਤਰ ਮੰਨੇ ਜਾਂਦੇ ਸਨ। ਫਾਦਰ ਜੋਲੀਕਿਉਰ, ਫਾਦਰ ਰੈਗਨਿਊ ਅਤੇ ਨੈਂਡੀ ਦੋ ਸਭਿਆਚਾਰਾਂ ਦੇ ਵਿਚਾਰਾਂ ਵਿੱਚਲੇ ਟਕਰਾਉ ਨੂੰ ਉਘਾੜਨ ਵਾਲ਼ੇ ਕਿਰਦਾਰ ਹਨ। ਨਾਵਲ ਦੇ ਸਾਰੇ ਪਾਤਰ ਸਿਰਫ਼ ਵਿਅੱਕਤੀ ਨਹੀਂ ਹਨ ਸਗੋਂ ਉਸ ਸਮੇਂ ਦੀ ਅਵਸਥਾ ਦੇ ਵੱਖੋ ਵੱਖ ਪੱਖਾਂ ਨੂੰ ਉਜਾਗਰ ਕਰਨ ਦਾ ਵਸੀਲਾ ਹਨ ਜਿਸ ਨਾਲ਼ ਉਸ ਕਾਲ਼ ਦਾ ਇਤਿਹਾਸ ਪੂਰਨ ਤੌਰ ਤੇ ਰੂਪਮਾਨ ਹੁੰਦਾ ਹੈ। ਅਖੀਰ ਵਿੱਚ ਪਾਤਰਾਂ ਨੂੰ ਨਿਪਟਾਉਣ ਲਈ ਅੰਤਿਕਾ ਦਾ ਸਹਾਰਾ ਲਿਆ ਗਿਆ ਹੈ ਜੋ ਇਸ ਨਾਵਲ ਲਈ ਜ਼ਰੂਰੀ ਵੀ ਸੀ।

**ਇਤਿਹਾਸਕ ਪੱਖ** - ਇਹ ਨਾਵਲ ਸਤਾਰ੍ਹਵੀਂ ਸਦੀ ਦੇ ਇਸ ਸਾਰੇ ਇਤਿਹਾਸਕ ਵਰਤਾਰੇ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਨਾਵਲ ਦੇ ਬਹੁਤੇ ਪਾਤਰਾਂ, ਸਥਾਨਾਂ, ਦਰਿਆਵਾਂ ਦੇ ਨਾਂ ਅਤੇ ਕਾਫ਼ੀ ਹੱਦ ਤੱਕ ਘਟਨਾਵਾਂ ਅਸਲੀ ਹਨ, ਕਥਾ ਦੀ ਉਸਾਰੀ ਅਤੇ ਵਿਸਥਾਰ ਲੇਖਿਕਾ ਦਾ ਆਪਣਾ ਹੈ ਪਰ ਉਹ ਵੀ ਅਸਲੀਅਤ ਦੇ ਏਨਾ ਨੇੜੇ ਹੈ ਕਿ ਕਲਪਿਤ ਹੋਣ ਦਾ ਭੁਲੇਖਾ ਵੀ ਨਹੀਂ ਪੈਂਦਾ। ਇਹ ਇਸ ਲਈ ਵੀ ਕਿਉਂਕਿ ਡੇਨੀਅਲ ਆਪ ਉਸੇ ਵੰਸ਼ ਵਿੱਚੋਂ ਹੈ ਅਤੇ ਉਸ ਨੇ ਪੀੜ੍ਹੀ-ਦਰ-ਪੀੜ੍ਹੀ ਚਲੀਆਂ ਆ ਰਹੀਆਂ ਅਸਲੀ ਕਹਾਣੀਆਂ ਪੁਰਖਿਆਂ ਤੋਂ ਜ਼ਬਾਨੀ ਸੁਣੀਆਂ ਹੋਈਆਂ ਹਨ। ਇਸ ਤੋਂ ਇਲਾਵਾ ਸੰਬੰਧਤ ਪੁਸਤਕਾਂ ਅਤੇ ਇਤਬਾਰਯੋਗ ਸਰੋਤਾਂ ਤੋਂ ਜਾਣਕਾਰੀ ਇਕੱਤਰ ਕੀਤੀ ਹੈ ਜਿਸ ਦੀ ਸੂਚੀ ਕਿਤਾਬ ਦੇ ਅਖੀਰ ਤੇ ਦਿੱਤੀ ਗਈ ਹੈ। ਉਸ ਸਮੇਂ ਦਾ ਕੋਈ ਲਿਖਤੀ ਇਤਿਹਾਸ ਨਹੀਂ ਹੈ ਪਰ ਇਨ੍ਹਾਂ ਲੋਕਾਂ ਕੋਲ਼ ਕਹਾਣੀਆਂ ਦੇ ਰੂਪ ਵਿੱਚ ਮੌਖਿਕ ਇਤਿਹਾਸ ਹੈ ਅਤੇ ਇਉਂ ਇਹ ਨਾਵਲ ਇੱਕ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਦਾ ਦਰਜਾ ਰਖਦਾ ਹੈ।

# ਸੱਜੇ ਪੱਖੀ ਰਾਜਨੀਤੀ ਲਈ ਚੁਣੌਤੀ ਬਣਿਆ ਜੋਹਰਾਨ ਮਮਦਾਨੀ



ਸਵਰਨ ਧਾਲੀਵਾਲ
1 - 587 581 7472

ਜੋਹਰਾਨ ਮਮਦਾਨੀ ਨਾਂ ਦਾ ਨੌਜਵਾਨ ਜਿਸ ਦਾ ਪਿਛੋਕੜ ਗੁਜਰਾਤ ਨਾਲ ਜੁੜਿਆ ਹੋਇਆ ਹੈ ਅੱਜ ਕੱਲ ਚਰਚਾ ਵਿੱਚ ਹੈ , ਜੋ ਕਿ ਨਿਉਯਾਰਕ (ਅਮਰੀਕਾ) ਦੇ ਨੌਜਵਾਨਾ ਵਿੱਚ ਬਹੁਤ ਹਰਮਨ ਪਿਆਰਾ ਹੈ । ਇਹ 33 ਸਾਲਾ ਨੌਜਵਾਨ ਰਾਜਨੀਤਕ ਹਲਕਿਆਂ ਵਿੱਚ ਉੱਭਰ ਰਿਹਾ ਹੈ । ਉਹ ਅਮਰੀਕਾ ਦੀ ਡੈਮੋਕਰੇਟਿਕ ਪਾਰਟੀ ਦੀ ਨਿਉਯਾਰਕ ਦੀ ਮੇਅਰ ਦੀ ਰੇਸ ਵਿੱਚ ਬਾਜ਼ੀ ਮਾਰ ਗਿਆ ਹੈ ।ਉਹ ਨਿਉਯਾਰਕ ਦੇ ਮੇਅਰ ਦੀ ਚੋਣ ਜਿੱਤਣ ਵਿੱਚ ਸਭ ਤੋਂ ਅੱਗੇ ਹੈ । ਉਸ ਨੂੰ ਭਾਰਤੀ,ਅਫਰੀਕਨ, ਅਮਰੀਕਣ ਕੋਈ ਵੀ ਨਾਂ ਦੇ ਸਕਦੇ ਹਾਂ । ਉਹ ਅੰਗਰੇਜ਼ੀ ਬੋਲੀ ਦੇ ਨਾਲ,ਹਿੰਦੀ, ਬੰਗਲਾ,ਸ਼ਪੈਨਿਸ਼ ਬੋਲੀ ਵੀ ਬੜੀ ਸ਼ਾਨਦਾਰ ਬੋਲਦਾ ਹੈ। ਇਹ ਨੌਜਵਾਨ ਪੂੰਜੀਵਾਦੀ ਰਾਜਨੀਤਕ ਕਲਚਰ ਵਿੱਚ ਸਮਾਜਵਾਦੀ ਨੀਤੀਆਂ ਦੀ ਗੱਲ ਬਹੁਤ ਹੀ ਧੜੱਲੇ ਨਾਲ ਕਰ ਰਿਹਾ ਹੈ, ਤੇ ਆਪਣੇ ਆਪ ਨੂੰ ਸ਼ੋਸਲਿਸਟ ਕਹਿੰਦਾ ਹੈ । ਮੀਰਾਂ ਨਾਇਰ ਜੋ ਕਿ ਹਿੰਦੀ ਫਿਲਮਾ ਦੇ ਮਸ਼ਹੂਰ ਨਿਰਦੇਸ਼ਿਕਾ ਹਨ ਜੋਹਰਾਨ ਦੇ ਮਾਤਾ ਜੀ ਹਨ । ਜਿਨਾ ਨੇ ਭਾਰਤੀ ਸੱਭਿਆਚਾਰ ਨੂੰ ਸੰਸਾਰ ਵਿੱਚ ਪ੍ਰਚਾਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ ,ਉਹਨਾਂ ਦਾ ਬਹੁਤ ਵੱਡਾ ਨਾ ਹੈ । ਮੈਹਮੂਦ ਮਮਦਾਨੀ ਜੋ ਕਿ ਜੋਹਰਾਨ ਦੇ ਪਿਤਾ ਜੀ ਹਨ,ਬਹੁਤ ਨਾਮਵਰ ਬੁੱਧੀਜੀਵੀ ਹਨ । ਉਹ ਗੁਜਰਾਤ ਦੇ ਜੰਮ-ਪਲ ਹਨ । ਜੋਹਰਾਨ ਮੌਜੂਦਾ ਭਾਰਤੀ ਅਤੇ ਅਮਰੀਕੀ ਰਾਜਨੀਤੀ ਦੇ ਆਲੋਚਕ ਹਨ।




ਮੈਹਮੂਦ ਮਮਦਾਨੀ ਕੋਲੰਬੀਆ ਯੂਨੀਵਰਸਟੀ ਵਿੱਚ ਪ੍ਰੋਫੈਸਰ ਰਹੇ ਹਨ, ਅਤੇ ਕੈਮਪਾਲਾ ਯੂਨੀਵਰਸਟੀ ਦੇ ਵਾਈਸ ਚਾਂਸਲਰ ਵੀ ਰਹਿ ਚੁੱਕੇ ਹਨ । ਮੀਰਾਂ ਨਾਇਰ ਜਿਨਾ ਨੇ ਸਲਾਮ ਬੰਬੇ ਜਿਹੀਆਂ ਹਿੱਟ ਫਿਲਮਾ ਦਾ ਨਿਰਦੇਸ਼ਨ ਕੀਤਾ ਹੈ, ਉਹ ਕੋਲੰਬੀਆ ਯੂਨੀਵਰਸਟੀ ਵਿੱਚ ਪੜ ਰਹੇ ਸਨ,ਤਾਂ ਜਦ ਉਹ ਯੂਗਾਂਡਾ ਗਏ ਤਾਂ ਉੱਥੇ ਉਹਨਾਂ ਦੀ ਮੁਲਾਕਾਤ ਮੈਹਮੂਦ ਮਮਦਾਨੀ ਨਾਲ ਹੋਈ ਅਤੇ ਦੋਨੋ ਵਿਆਹ ਬੰਧਨ ਵਿੱਚ ਬੱਝ ਗਏ। ਦੋਵਾਂ ਦੇ ਵਿਆਹ ਉਪਰੰਤ ਉਹਨਾਂ ਦੇ ਘਰ ਜੋਹਰਾਨ ਮਮਦਾਨੀ ਦਾ ਜਨਮ ਹੋਇਆ। ਬੇਸ਼ੱਕ ਉਹ ਅਮਰੀਕਾ ਵਿੱਚ ਨਹੀਂ ਜਨਮੇ ਪਰ ਉੰਨਾਂ ਨੇ ਜਾਤੀਵਾਦ ਤੋਂ ਉੱਪਰ ਉਠ ਕੇ ਸਰਬੱਤ ਦੇ ਭਲੇ ਵਾਸਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਅੱਜ ਕੱਲ ਉਹ ਨਿਉਯਾਰਕ ਦੇ ਲੋਕਾਂ ਵਿੱਚ ਇੱਕ ਹਰਮਨ ਪਿਆਰੀ ਸ਼ਖ਼ਸੀਅਤ ਹਨ। ਉਹਨਾਂ ਨੂੰ ਮੁਸਲਿਮ ਹੋਣ ਜਾ ਸ਼ੋਸਲਿਟ ਹੋਣ ਵਿੱਚ ਕੋਈ ਝਿਜਕ ਨਹੀਂ ਹੈ । ਉਹ ਲੋਕਾਂ ਵਿੱਚ ਬੜੀ ਦ੍ਰਿੜ੍ਹਤਾ ਤੇ ਵਿਸ਼ਵਾਸ ਨਾਲ ਵਿਚਰਦੇ ਹਨ । ਜੋਹਰਾਨ ਸੱਜੇ ਪੱਖੀ ਰਾਜਨੀਤੀ ਲਈ ਚੁਣੌਤੀ ਦੇ ਰਹੇ ਹਨ,ਜੋ ਕਿ ਧਨ ਤੇ ਜਾਤੀਵਾਦ ਦੇ ਸੜਿਆਂਦ ਤੇ ਖੜੀ ਹੈ । ਜਿਸ ਤਰਾਂ ਦਾ ਪ੍ਰਾਪੇਗੰਡਾ ਇਸਲਾਮ ਦੇ ਨਾਂ 'ਤੇ ਕਰਕੇ ਗੰਦੀ ਰਾਜਨੀਤੀ ਟਰੰਪੀਏ (ਡੋਨਾਲਡ ਟਰੰਪ)ਕਰ ਰਹੇ ਹਨ। ਜੋਹਰਾਨ ਲੋਕ ਪੱਖੀ ਨੀਤੀਆਂ ਨਾਲ ਪਿਛਾਂਹ ਖਿੱਚੂ ਨੀਤੀਆਂ ਨੂੰ ਚੁਣੌਤੀ ਦੇ ਰਹੇ ਹਨ । ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਕੋਈ ਸਾਉਥ ਏਸ਼ੀਅਨ ਅਮਰੀਕਾ ਦੀ ਸੱਜੇ ਪੱਖੀ ਰਾਜਨੀਤੀ ਵਾਸਤੇ ਚੁਨੌਤੀ ਦੇ ਰਿਹਾ ਹੈ ਤੇ ਮੇਅਰ ਦੀ ਚੋਣ ਲੜ ਰਿਹਾ ਹੈ ਜੋ ਕਿ ਜੁਲਾਈ ਵਿੱਚ ਹੋਣ ਜਾ ਰਹੀ ਹੈ । ਉਹ ਤਮਾਮ ਭੰਡੀ ਪ੍ਰਚਾਰ ਨੂੰ ਲਿਤਾੜਦਾ ਹੋਇਆ ਕਾਮਯਾਬੀ ਵੱਲ ਵੱਧ ਰਿਹਾ ਹੈ ।ਅੱਜ ਕੱਲ ਮਮਦਾਨੀ ਦੀ ਭਾਰਤ ਵਿੱਚ ਵੀ ਖੂਬ ਚਰਚਾ ਹੋ ਰਹੀ ਹੈ । ਪੱਤਰਕਾਰਤਾ ਖੇਤਰ ਵਿੱਚ ਵੱਡੇ ਨਾ ਰਵੀਸ਼ ਕੁਮਾਰ ਵਰਗੇ, ਮਮਦਾਨੀ 'ਤੇ ਅੱਧੇ ਘੰਟੇ ਦੇ ਲੱਗਭਗ ਵੀਡੀ- ਪ੍ਰੋਗਰਾਮ ਆਪਣੇ ਚੈਨਲਾਂ 'ਤੇ ਚਲਾ ਰਹੇ ਹਨ । ਹੋਰ ਵੀ ਭਾਰਤੀ ਯੂ ਟਿਊਬ ਚੈਨਲ ਚਰਚਾ ਕਰ ਰਹੇ ਹਨ । ਭਾਰਤ ਦੀ ਮੌਜੂਦਾ ਸਰਕਾਰ ਦੀ ਜਿੱਥੇ ਜਾਤੀਵਾਦੀ , ਘੱਟ ਗਿਣਤੀ ਵਿਰੋਧੀ ਨੀਤੀਆਂ ਕਾਰਣ ਆਲੋਚਨਾ ਹੋ ਰਹੀ ਹੈ । ਪਰ ਇਸ ਨੌਜਵਾਨ ਦੀ ਬਹੁਤ ਸਰਾਹਣਾ ਹੋ ਰਹੀ ਹੈ । ਜਿਸ ਤਰਾਂ ਦੇ ਲੋਕ ਪੱਖੀ ਪ੍ਰੋਗਰਾਮ ਇਹ ਨੌਜਵਾਨ ਐਲਾਨ ਕਰ ਰਿਹਾ ਹੈ ਜਿਵੇਂ ਕਿ ਸਰਕਾਰੀ ਗਰੋਸਰੀ ਸਟੋਰ ਖੋਲਣਾ, ਬੱਸ ਸਫਰ ਦੀ ਮੁਫ਼ਤ ਸਹੂਲਤ, ਕਿਰਾਏ ਦਾਰਾ ਨੂੰ ਰਾਹਤ ਆਦਿ ਵਰਗੇ ਲੋਕ ਪੱਖੀ ਪ੍ਰੋਗਰਾਮ ਨੇ ਵੱਡੇ ਵੱਡਿਆਂ ਦੀ ਫੂਕ ਕੱਢ ਦਿੱਤੀ ਹੈ। ਲੱਗਦਾ ਹੈ ਇਸ ਨੌਜਵਾਨ ਦੇ ਜਿੱਤਣ ਨਾਲ ਖੱਬੇ ਪੱਖੀ ਰਾਜਨੀਤੀ ਨੂੰ ਵੀ ਹੁਲਾਰਾ ਮਿਲੇਗਾ । ਉਮੀਦ ਕੀਤੀ ਜਾ ਸਕਦੀ ਹੈ ਕਿ ਇਹ ਨੌਜਵਾਨ ਦੁਨੀਆਂ ਦੇ ਹੋਰ ਖ਼ਿਤਿਆਂ ਵਿੱਚ ਵੀ ਪ੍ਰੇਰਨਾ ਸਰੋਤ ਬਣੇਗਾ।

# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਅਨਮੈਰਿਡ ਸੋਹਣੀ ਸੁਨੱਖੀ ਲੜਕੀ,ਉਮਰ 42 ਸਾਲ, ਕੱਦ 5 ਫੁੱਟ 3 ਇੰਚ, ਚੰਗੀ ਤਨਖਾਹ ਉੱਪਰ ਸਰਕਾਰੀ ਜੌਬ ਕਰਦੀ ਲਈ,ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜਾ ਜਾਂ ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਿਆਹ ਤੋਂ ਬਾਦ ਲੜਕਾ ਐਡਮਿੰਟਨ ਰਹਿਣ ਲਈ ਤਿਆਰ ਹੋਵੇ। ਤਸਵੀਰਾਂ ਅਤੇ ਬਾਇਓਡਾਟਾ -1 780 982 0336 ਉੱਪਰ ਵਟਸਐਪ ਭੇਜ ਸਕਦੇ ਹੋ। ***276***

## ਲੜਕੀ ਦੀ ਲੋੜ

Jat Sikh Bhullar family seeking a suitable match for their son who is a turban wearer non drinker, convent educated from Dalhousie and diploma in hospitality from Australia. 31-year-old, 5'-11" who is living in Australia since 2015. He owns 16 acres of farmland and a new flat in new Chandigarh. He has come to visit his Nanka family in Calgary and seeking a suitable PR or Canadian citizen girl. Please call or text: 1 587 436 5229 ***276***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲੜਕੇ,ਜਨਮ 1991, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 236 234 0315 ਜਾਂ ਈ ਮੇਲ: harpdhaliwal408 @icloud.com ***276***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ 28 ਸਾਲਾ ਲੜਕੀ, ਕੱਦ 5 ਫੁੱਟ 3 ਇੰਚ, ਜੋ ਇਸ ਸਮੇਂ ਸੈਸਕਾਟੂਨ, ਸੈਸਕਾਚਵਨ (ਕਨੇਡਾ) ਵਿੱਚ ਰਜਿਸਟਰਡ ਨਰਸ (R.N.) ਦੀ ਨੌਕਰੀ ਕਰ ਰਹੀ ਹੈ,ਲਈ ਹਾਣ-ਪ੍ਰਵਾਣ ਅਤੇ ਚੰਗੇ ਸੁਭਾਅ ਵਾਲੇ,ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਰਹਿੰਦੇ ਲੜਕੇ ਨੂੰ ਪਹਿਲ ਪਰ ਪੰਜਾਬ ਰਹਿੰਦੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਕੈਨੇਡਾ ਤੋਂ ਫੋਨ ਕਾਲ ਪੰਜਾਬ ਦੇ ਸਮੇਂ ਦੇ ਹਿਸਾਬ ਨਾਲ ਹੀ ਕੀਤੀ ਜਾਵੇ। ਸੰਪਰਕ : ਵਟਸਐਪ +91 89689-36769 **272**

## ਕ੍ਰਿਸਚੀਅਨ ਲੜਕੇ ਦੇ ਰਿਸ਼ਤੇ ਦੀ ਲੋੜ

ਕਨੇਡੀਅਨ ਸਿਟੀਜਨ ,ਓਸਵਾਲ ਪਰਿਵਾਰ ਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ: ਅਲਟਰਾਸਾਊਂਡ ਟੈਕਨੀਸ਼ੀਅਨ,ਲਈ ਹਾਣ ਪ੍ਰਵਾਣ ਦੇ ਕ੍ਰਿਸੀਚੀਅਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 1 306 736 4326 ,ਈ ਮੇਲ: ladharh88@gmail.com ***271***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਨਰੂਲਾ (ਮਹਾਜਨ) ਪਰਿਵਾਰ ਦੇ ਵੈਜੀਟੇਰੀਅਨ,ਨਾਨ ਡਰਿੰਕ,,ਲੜਕੇ ਜਨਮ 1988, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਟੈੱਕ ਇਨ ਕੰਪਿਊਟਰ ਸਾਇੰਸ(ਪੀ ਆਰ ਅਪਲਾਈਡ) ਚੰਗੀ ਕੰਪਨੀ ਵਿੱਚ ਮੈਨੇਜਰ ਦੇ ਤੌਰ ;ਤੇ ਕੰਮ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਾਕਟਰੀ ਦੇ ਖੇਤਰ ਵਿੱਚ ਲੜਕੇ ਦੇ ਪਿਤਾ ਦਾ ਆਪਣਾ ਕਲੀਨਕ ਹੈ। ਸੰਪਰਕ: 1 403 973 4039 ***275***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਚਹਿਲ ਪਰਿਵਾਰ ਦੇ ਲੜਕੇ,ਜਨਮ 1995, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ: ਕੇਟਰਿੰਗ ਐਂਡ ਹੋਟਲ ਮੈਨੇਜਮੈਂਟ ਗਰੈਜੂਏਟ (ਕੋਲਕਾਤਾ) ਰਸੋਈ ਮੈਨੇਜਮੈਂਟ ਪੋਸਟ ਗਰੈਜੂਏਟ ਡਿਪਲੋਮਾ ਇਨ ਕੈਨੇਡਾ, ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ।
ਸੰਪਰਕ:1 587 973 4590 ***274***

## ਲੜਕੀ ਦੀ ਲੋੜ

ਨਿਊਜੀਲੈਂਡ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਨਿਊਜੀਲੈਂਡ ਸਰਕਾਰ ਵਿੱਚ ਕੋਰੈਕਸਨ ਅਫਸਰ ਦੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ,ਜਨਮ 1993, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਬੈਚੂਲਰ ਇਨ ਕਾਮਰਸ, ਨਿਊਜੀਲੈਂਡ ਤੋਂ ਗਰੈਜੂਏਟ ਡਿਪਲੋਮਾ ਇਨ ਅਕਾਊਂਟਿੰਗ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਛੋਟਾ ਭਰਾ ਕਨੇਡੀਅਨ ਪੀ ਆਰ ਹੈ। ਸੰਪਰਕ :91 99880 03784 ***274***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਸਮਰਾ ਪਰਿਵਾਰ ਦੇ ਨਸ਼ਾ ਰਹਿਤ ਲੜਕੇ, ਜਨਮ 1993 ਕੱਦ 6 ਫੁੱਟ 3 ਇੰਚ, ਵਿਦਿਅਕ ਯੋਗਤਾ ਇਲੈਕਟ੍ਰੀਕਲ ਜਰਨੀਮੈਨ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ :1 780 271 2253 ***274***

## ਲੜਕੇ ਦੀ ਲੋੜ

Sikh Jatt family seeking a suitable match for their beautiful family-oriented daughter, 29 years old, height 5'-4" raised in Calgary. Canadian Citizen with a degree from a Canadian University, now working in a reputable company. Looking for a professional and Canadian educated Jatt Sikh boy raised in Canada. Serious inquiries only 587-703-0343 ***273 ***

## ਲੜਕੇ ਦੀ ਲੋੜ

Jatt Sikh Gill - Canadian Citizen, 29-year-old girl, 5 ft tall, holding a Bachelor of Accounting degree. Currently employed in a government position. She belongs to a well-educated and respected family. Seeking a well-educated, professionally employed match based in Edmonton. Contact: +91- 98761-56620? (WhatsApp only) or 780-203-8689. **273 **

## ਲੜਕੇ ਦੀ ਲੋੜ

Jatt Sikh's parents seeking a suitable match for their Indian born daughter, Canadian citizen, born Dec 1986, 5 1.5" feet, B. Tech & MBA, working in a leading company in a management role. A boy should be well educated in good moral values, either doing a decent job or business. Cell no./WhatsApp +1 587-703-3978 **273F Rana **

## ਲੜਕੇ ਦੀ ਲੋੜ

ਪ੍ਰਜਾਪਤ ਪਰਿਵਾਰ ਦੀ ਕਨੇਡਾ ਰਹਿੰਦੀ ਲੜਕੀ,ਜਨਮ 1991,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: MA (Hindi) M. Ed. PTET CLEAR, National level Rifle shooter having various medals and having "D" course certificate for shooting coach, Currently on study permit master degree in M. Ed in leadership (specialization) for two year course at university of Regina, Canada ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਭਰਾ ਕਨੇਡਾ ਪੀ ਆਰ ਅਤੇ ਪਿਤਾ ਸੈਂਟਰਲ ਸਰਕਾਰ ਦਾ ਅਫਸਰ ਅਤੇ ਮਾਤਾ ਐਜੂਕੇਸ਼ਨ ਵਿਭਾਗ ਵਿੱਚੋਂ ਰਿਟਾਇਰਡ ਹਨ। ਸੰਪਰਕ: 1 437 604 4345 ਜਾਂ 1 647 570 4345 ***273F RG ***

## ਲੜਕੀ ਦੀ ਲੋੜ

ਕੈਨੇਡਾ ਵਿਜ਼ਿਟਰ ਵੀਜੇ ਉੱਪਰ ਆਏ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 41 ਸਾਲ,ਕੱਦ 5 ਫੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ:1 431 866 6458 ***272***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਕੈਲਗਰੀ ਵਿੱਚ ਰਹਿੰਦੇ ਲੜਕੇ ਜਨਮ 1992, ,ਕੱਦ 5 ਫੁੱਟ 11 ਇੰਚ,ਵਿੱਦਿਅਕ ਯੋਗਤਾ: ਡਿਪਲੋਮਾਂ (3 ਸਾਲ)ਮਕੈਨੀਕਲ ਇੰਜੀਨੀਅਰ, ਟਰਾਂਸਪੋਰਟ ਦਾ ਕਾਰੋਬਾਰ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 6.5 ਏਕੜ ਜਮੀਨ ਅਤੇ ਕੈਲਗਰੀ ਵਿੱਚ ਆਪਣਾ ਘਰ ਹੈ। ਸੰਪਰਕ 587 839 7750, 1 825 438 4556, ਈ ਮੇਲ : Virknarinder66 @gmail.com ***272***

## ਲੜਕੇ ਦੀ ਲੋੜ

The Jatt Sikh Rai family is looking for a suitable match for their beautiful, tall Canadian citizen daughter, 31 years old, 5'10 "tall. She is family-oriented, with strong family values, well-educated with an associate degree in Healthcare Information Management, and works as a Project Manager in the healthcare field. We are seeking a tall, handsome individual who is a Canadian citizen and resides in Calgary or nearby areas, with a professional career. For contact, please call, text, or leave a voicemail at 403 478 7405 (for serious inquiries only). ***274***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਇੰਡੀਆ ਰਹਿੰਦੇ ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ, ਉਮਰ 33 ਸਾਲ, ਕੱਦ 6 ਫੁੱਟ, ਹਾਊਸ ਏ ਸੀ ਰਿਪੇਅਰ ਟੈਕਨੀਸ਼ੀਅਨ ਲਈ ਕੈਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਨੂੰ LMIA ਲਈ ਮੱਦਦ ਵੀ ਕਰ ਸਕਦੇ ਹਾਂ । ਸੰਪਰਕ: 1 780 667 7307 ***272***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜ਼ਿਟਰ ਵੀਜ਼ੇ ਉੱਪਰ ਆਏ ਅੰਮ੍ਰਿਤਧਾਰੀ ਲੜਕੇ,ਉਮਰ 27 ਸਾਲ,ਕੱਦ 5 ਫੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 975 3251***272***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦਾ ਲੜਕਾ ਜਨਮ 1984,ਕੱਦ 5 ਫੁੱਟ 10 ਇੰਚ,ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ,ਸਿੰਗਲ,ਉਮਰ 30 ਤੋਂ 38 ਸਾਲ ਵਿਚਕਾਰ ਅਤੇ ਲੜਕੀ ਦਾ ਕੱਦ 5 ਫੁੱਟ 5 ਇੰਚ ਪਲੱਸ ਹੋਵੇ। ਸਿਰਫ ਕਨੇਡਾ ਵਾਲੇ ਹੀ ਸੰਪਰਕ ਕਰਨ। ਕ੍ਰਿਪਾ ਕਰਕੇ ਮੈਰਿਜ ਬਿਊਰੋ ਮਾਫ ਕਰਨ। ਸੰਪਰਕ: 1 587 834 0019 ਜਾਂ ਵਟਸਐਪ 91 9872566405 ***271***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਨਾਈ ਸਿੱਖ ਪਰਿਵਾਰ ਦੀ ਵਿਧਵਾ ਲੜਕੀ(ਬਿਨਾ ਬੱਚੇ ਤੋਂ )ਉਮਰ 37 ਸਾਲ, ਆਰ ਐਨ ਦੀ ਜੌਬ ਕਰਦੀ ਲਈ ਯੋਗ ਕਨੇਡੀਅਨ ਵਰ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਸੈਟਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: 780 504 6770 ਜਾਂ 1 639 540 0879 ***271***

## ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਜੱਟ ਸਿੱਖ ਪਰਿਵਾਰ ਦੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ 1587 707 3029 ***271***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਗਰਚਾ ਪਰਿਵਾਰ ਦੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬਿਜਨਿਸ ਇਨ ਅਕਾਊਂਟਿੰਗ ਅਤੇ ਪਲੰਬਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਸੰਪਰਕ: 1 587 568 8796 ਜਾਂ 1 587 568 8795 ***271***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਤਲਾਕਸੁਦਾ, ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ, ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 280 0169 ਜਾਂ 1 825 561 2852 ***271***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਸਿੱਖ ਪਰਿਵਾਰ (ਧਿੰਜਨ) ਦੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਪਲੱਸ 2 ਅਤੇ ਸੰਗੀਤ ਡਿਪਲੋਮਾ ਹੋਲਡਰ,ਹਾਰਮੋਨੀਅਮ, ਸਿਤਾਰ ਅਤੇ ਦਿਲਰੁਬਾ ਵਰਗੇ ਸਾਜ਼ ਵਜਾਉਣ ਦੇ ਮਾਹਿਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਕਨੇਡਾ ਵਿੱਚ ਆਪਣਾ ਘਰ ਹੈ। ਸੰਪਰਕ: 403 707 4913 ਜਾਂ ਈ ਮੇਲ: dhinjantirth@gmail.com ***271***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ 1 780 300 2000 (ਵਟਸਐਪ): 9583592000


## Need Office Administrator

**We need Office administrator person for our Calgary Office. who speaks good English, must have driver license, good wages,we will give training also!**
**Contact : Kam Khamba**
**@403-975-0128**



## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

**ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।**
**ਸੰਪਰਕ** : 587 329 7202


## Name Change


I, Dilpreet Singh son of Gurjant Singh, holder of Indian Passport No P6408797, issued at Chandigarh on 30/01/2017, permanent resident of VPO: Kurar, Distt: Barnala, Punjab 148104, India and presently residing at 16 Red Sky Green NE, Calgary, AB T3N0V5, Canada do hereby change my name from Dilpreet Singh to Dilpreet Singh Pannu, with immediate effect.


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000


## ਅਮਰੀਕਾ ਦੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਟਰੰਪ ਦੇ ਹੱਕ ਵਿੱਚ ਮਹੱਤਵਪੂਰਨ ਫੈਸਲਾ ਦਿੱਤਾ

ਐਡਮਿੰਟਨ(ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਟਰੰਪ ਦੇ ਹੱਕ ਵਿੱਚ ਇੱਕ ਮਹੱਤਵਪੂਰਨ ਫੈਸਲਾ ਦਿੱਤਾ। ਸੁਪਰੀਮ ਕੋਰਟ ਨੇ ਕਿਹਾ ਕਿ ਹੇਠਲੀਆਂ ਅਦਾਲਤਾਂ ਦੇ ਜੱਜ ਦੇਸ਼ ਭਰ ਵਿੱਚ ਟਰੰਪ ਦੇ ਜਨਮ ਅਧਿਕਾਰ ਨਾਗਰਿਕਤਾ ਦੇ ਹੁਕਮ ਨੂੰ ਨਹੀਂ ਰੋਕ ਸਕਦੇ। ਉਨ੍ਹਾਂ ਨੂੰ ਆਪਣੇ ਹੁਕਮ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਪਹਿਲਾਂ, ਇਹ ਜੱਜ ਟਰੰਪ ਦੇ ਫੈਸਲੇ ਨੂੰ ਰੋਕ ਕੇ ਉਨ੍ਹਾਂ ਦੇ ਕੰਮ ਵਿੱਚ ਰੁਕਾਵਟਾਂ ਪੈਦਾ ਕਰ ਰਹੇ ਸਨ, ਪਰ ਹੁਣ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ, ਉਨ੍ਹਾਂ ਲਈ ਅਜਿਹਾ ਕਰਨਾ ਮੁਸ਼ਕਲ ਹੋ ਜਾਵੇਗਾ। ਇਸ ਤੋਂ ਪਹਿਲਾਂ, ਅਮਰੀਕਾ ਦੀਆਂ ਹੇਠਲੀਆਂ ਅਦਾਲਤਾਂ ਨੇ ਟਰੰਪ ਦੇ ਜਨਮ ਅਧਿਕਾਰ ਨਾਗਰਿਕਤਾ ਦੇ ਹੁਕਮ ਨੂੰ ਲਾਗੂ ਹੋਣ ਤੋਂ ਪਹਿਲਾਂ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਅਸਥਾਈ ਤੌਰ 'ਤੇ ਰੋਕ ਦਿੱਤਾ ਸੀ।ਵਰਨਣਯੋਗ ਹੈ ਕਿ ਟਰੰਪ ਨੇ 20 ਜਨਵਰੀ ਨੂੰ ਆਪਣੇ ਸਹੁੰ ਚੁੱਕ ਸਮਾਗਮ ਵਾਲੇ ਦਿਨ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕਰਕੇ ਜਨਮ ਅਧਿਕਾਰ ਨਾਗਰਿਕਤਾ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਤੋਂ ਕੁੱਝ ਦਿਨਾਂ ਬਾਅਦ, ਅਮਰੀਕਾ ਦੀ ਸੰਘੀ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਨਮ ਅਧਿਕਾਰ ਨਾਗਰਿਕਤਾ ਦੇ ਅਧਿਕਾਰਾਂ ਨੂੰ ਖਤਮ ਕਰਨ ਦੇ ਫੈਸਲੇ 'ਤੇ 14 ਦਿਨਾਂ ਲਈ ਰੋਕ ਲਗਾ ਦਿੱਤੀ ਸੀ।


ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263



Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds




Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.




# ਪੀ ਐਚ ਡੀ ਦੀ ਪੜ੍ਹਾਈ ਕਰਦੀ ਕਰਦੀ ਇੱਕ ਕੁੜੀ ਜਦੋਂ ਅਸ਼ੋਕ ਬਾਂਸਲ ਦੇ ਘਰ ਗਈ ਸੀ






## ਪੰਜਾਬੀ ਸੰਗੀਤ ਦਾ ਇਤਿਹਾਸਕਾਰ – ਅਸ਼ੋਕ ਬਾਂਸਲ ਮਾਨਸਾ

ਪੰਜਾਬੀ ਸੰਗੀਤ ਜਗਤ ਵਿੱਚ ਅਸ਼ੋਕ ਬਾਂਸਲ ਮਾਨਸਾ (ਸਰ) ਇੱਕ ਬਹੁਪੱਖੀ ਸ਼ਖਸੀਅਤ ਹਨ , ਜੋ ਪੰਜਾਬੀ ਸੰਗੀਤ ਪ੍ਰੇਮੀ, ਸਾਹਿਤ ਪ੍ਰੇਮੀ ਅਤੇ ਆਪਣੀ ਵਿਲੱਖਣ ਲੇਖਣੀ ਵੱਜੋਂ ਜਾਣੇ ਜਾਂਦੇ ਹਨ। ਮੈਂ ਆਪਣੀ ਪੀ ਐਚ ਡੀ ਦੀ ਡਿਗਰੀ ਦੌਰਾਨ, ਉਹਨਾਂ ਨਾਲ, ਪੰਜਾਬੀ ਸੰਗੀਤ ਨਾਲ ਜੁੜੇ ਸਾਜ਼, ਸੰਗੀਤਕਾਰਾਂ ਬਾਰੇ ਸਮੇਂ ਸਮੇਂ 'ਤੇ ਜਾਣਕਾਰੀ ਲੈਂਦੀ ਰਹੀ ਹਾਂ।

ਇੱਕ ਵਾਰ ਮੈਂ ਆਪਣੇ ਛੋਟੇ ਭਰਾ ਕਰਮਜੀਤ ਨਾਲ ਸਰ ਅਸ਼ੋਕ ਬਾਂਸਲ ਮਾਨਸਾ ਜੀ ਦੇ ਘਰ ਉਹਨਾਂ ਕੋਲ ਪੰਜਾਬੀ ਸੰਗੀਤ ਪ੍ਰਤੀ ਜਾਣਕਾਰੀ ਹਾਸਲ ਕਰਨ ਲਈ ਫਗਵਾੜੇ ਤੋਂ ਮਾਨਸਾ ਗਈ । ਇਸ ਸਫਰ ਵਿੱਚ ਸਾਨੂੰ ਚਾਰ ਘੰਟੇ ਦਾ ਸਮਾਂ ਲੱਗਿਆ। ਮਾਨਸਾ ਪਹੁੰਚਦੇ ਹੀ ਅਸੀਂ ਜਦੋਂ ਅਸ਼ੋਕ ਸਰ ਹੁਰਾਂ ਦੇ ਘਰ ਪਹੁੰਚੇ ਤਾਂ ਸਾਨੂੰ ਇੰਝ ਲੱਗਾ ਕਿ ਕਿਸੇ ਲੰਮੇ ਸਫਰ ਤੋਂ ਬਾਅਦ ਅਸੀਂ ਆਪਣੇ ਹੀ ਘਰ ਆ ਗਏ ਹੋਈਏ। ਦੁਪਹਿਰ ਦਾ ਖਾਣਾ ਖਾਣ ਮਗਰੋਂ ਚਾਹ ਪਾਣੀ ਪੀਂਦੇ ਸਮੇਂ ਅਸੀਂ ਸਾਰੇ ਪ੍ਰੀਵਾਰ ਨਾਲ ਗੱਲਾਂ ਬਾਤਾਂ ਕਰਦੇ ਰਹੇ । ਚਾਹ ਪਾਣੀ ਪੀਣ ਤੋਂ ਬਾਅਦ ਸਰ ਹੁਣਾਂ ਨੇ ਸਾਨੂੰ ਆਪਣੀ ਸੰਗੀਤ ਦੀ ਲਾਈਬ੍ਰੇਰੀ ਲੈ ਗਏ ਜਿੱਥੇ ਪੰਜਾਬੀ ਗੀਤ ਸੰਗੀਤ ਅਤੇ ਸਾਹਿਤ ਦੀਆਂ ਕਿਤਾਬਾਂ ਮੈਗਜ਼ੀਨ, ਪੁਰਾਣੇ ਗੀਤਾਂ ਵਾਲੇ ਰਿਕਾਰਡ , ਰਿਕਾਰਡਾਂ ਵਾਲੀਆਂ ਮਸ਼ੀਨਾਂ ਮੌਜੂਦ ਸਨ। ਇੱਥੇ ਉਹਨਾਂ ਰਿਕਾਰਡਿੰਗ ਦੇ ਸ਼ੁਰੂਆਤੀ ਦੌਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ,, ਸ਼ੁਰੂਆਤੀ ਦੌਰ ਵਿੱਚ ਕਿਸ ਕਿਸਮ ਦੇ ਗੀਤ ਰਿਕਾਰਡ ਹੋਏ,,,ਕਿਸ ਕਿਸਮ ਦੇ ਸਾਜ਼ਾਂ ਦੀ ਵਰਤੋਂ ਹੋਈ। ਇਸ ਦੇ ਨਾਲ ਨਾਲ ਸੰਗੀਤ ਰਿਕਾਰਡਿੰਗ ਵਿੱਚ ਸਮੇਂ ਸਮੇਂ ਹੋਈਆਂ ਤਬਦੀਲੀਆਂ ਬਾਰੇ ਡੂੰਘੀ ਜਾਣਕਾਰੀ ਦਿੱਤੀ । ਰਿਕਾਰਡਿੰਗ ਦੇ ਇਤਿਹਾਸ ਦੇ ਬੇਸ਼ਕੀਮਤੀ ਰਿਕਾਰਡ ਵੀ ਮਸ਼ੀਨ ਤੇ ਚਲਾਕੇ ਸੁਣਾਏ। ਰਿਕਾਰਡਿੰਗ ਦੇ ਇਤਿਹਾਸ ਦੀ ਪੂਰੀ ਜਾਣਕਾਰੀ ਦਿੱਤੀ । ਅਸ਼ੋਕ ਬਾਂਸਲ ਜੀ ਬਾਰੇ ਇਹ ਕਹਿਣਾ ਬਿਲਕੁਲ ਸਹੀ ਹੋਵੇਗਾ ਕਿ ਉਹ ਪੰਜਾਬੀ ਸੰਗੀਤ ਜਗਤ ਇਸਦੇ ਇਸ ਦੁਆਰਾ ਪੰਜਾਬੀ ਮਾਂ ਬੋਲੀ ਸਾਹਿਤ ਨੂੰ ਸੰਭਾਲਣ ਅਤੇ ਇਸਦੇ ਇਤਿਹਾਸ ਤੋਂ ਜਾਣੂੰ ਕਰਾਉਣ ਵਾਲੇ ਪੰਜਾਬੀ ਸੰਗੀਤ ਦੇ ਇਤਿਹਾਸਕਾਰ ਹਨ। ਉਹਨਾਂ ਨੇ ਆਪਣੇ ਜੀਵਨ ਵਿੱਚ ਜੋ ਜੋ ਵੀ ਸੰਗੀਤ ਬਾਰੇ ਜਾਂ ਸੰਗੀਤ ਪ੍ਰਤੀ ਡੂੰਘੀ ਸੋਚ ਦੁਆਰਾ ਜੋ ਕੁੱਝ ਇਕੱਤਰ ਕੀਤਾ ਉਸ ਨੂੰ ਆਪਣੀਆਂ ਲਿਖੀਆਂ ਪੁਸਤਕਾਂ ਰਾਹੀਂ ਪੰਜਾਬੀ ਸੰਗੀਤ ਜਗਤ ਅਤੇ ਸਮਾਜ ਨੂੰ ਵੱਡਮੁੱਲੀ ਦੇਣ ਵੱਜੋਂ ਦਿੱਤਾ ਹੈ




ਉਹਨਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਹਨਾਂ ਨੂੰ ਪੰਜਾਬ ਪੰਜਾਬੀ ਤੇ ਪੰਜਾਬੀਅਤ ਨਾਲ ਪਿਆਰ ਹੋਣ ਕਰਕੇ ਕਦੇ ਕੋਈ ਥਕਾਵਟ ਜਾਂ ਆਲਸ ਮਹਿਸੂਸ ਨਹੀਂ ਹੋਈ। ਉਹਨਾਂ ਨੇ ਇਸ ਕਾਰਜ ਨੂੰ ਹਮੇਸ਼ਾ ਇੱਕ ਸ਼ੌਕ ਦੇ ਰੂਪ ਵਿੱਚ ਲਿਆ। ਜਿਸ ਦੀ ਉਦਾਹਰਨ "ਮਿੱਟੀ ਨੂੰ ਫਰੋਲ ਜੋਗੀਆ" ਅਤੇ "ਲੱਭ ਜਾਣਗੇ ਲਾਲ ਗੁਆਚੇ " ਪੁਸਤਕਾਂ ਹਨ।

ਅੰਤ ਵਿੱਚ ਮੈਂ ਇਨਾਂ ਹੀ ਕਹਿਣਾ ਚਾਹੁੰਦੀ ਹਾਂ ਕਿ ਅਸ਼ੋਕ ਬਾਂਸਲ ਮਾਨਸਾ ਜੀ ਦੀ ਸ਼ਖ਼ਸੀਅਤ ਕਿਸੇ ਵੀ ਲੋਕ ਗਾਇਕ, ਸੰਗੀਤਕਾਰ ਅਤੇ ਹਰ ਉਸ ਕਲਾਕਾਰ ਤੋਂ ਘੱਟ ਨਹੀਂ ਜੋ ਆਪਣੀ ਮਾਂ ਬੋਲੀ ਨੂੰ ਸਦੀਵੀ ਜਿੰਦਾ ਰੱਖਣ ਵਿੱਚ ਕਾਮਯਾਬ ਹੋਏ ਹਨ। ਬਾਂਸਲ ਸਾਹਿਬ ਦੇ ਜੀਵਨ ਨੂੰ ਜਾਣ ਕੇ ਮਹਿਸੂਸ ਹੋਇਆ ਕਿ ਉਹਨਾਂ ਤੋਂ ਬਿਨਾਂ ਪੰਜਾਬੀ ਸੰਗੀਤ ਜਗਤ ਦਾ ਇਤਿਹਾਸ ਅਧੂਰਾ ਹੈ

ਡਾ: ਸੁਨੀਤਾ ਰਾਣੀ ਮਾਨਚੈਸਟਰ ਯੂ ਕੇ ਅਤੇ ਅਸ਼ੋਕ ਬਾਂਸਲ

facebook

## ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਅੱਗ ਬੁਝਾਉਣ ਵਾਲੇ ਪਾਸੇ ਤੁਰੀਏ, ਲਾਉਣ ਵਾਲੇ ਪਾਸੇ ਨਹੀਂ



ਕਹਿੰਦੇ ਨੇ ਕਲਾ ਕੋਈ ਸਰਹੱਦਾਂ ਦੀ ਪਾਬੰਦ ਨਹੀਂ ਹੁੰਦੀ ਪਰ ਭਾਰਤ ਵਰਗੇ ਮੁਲਕ ਵਿੱਚ ਇਹ ਸਰਹੱਦਾਂ ਵੀ ਪਾਬੰਦ ਵੀ ਹੈ ਅਤੇ ਰਾਜਨੀਤਿਕ ਲੋਕਾਂ ਦੀ ਰਖੇਲ ਵੀ। ਤਾਜ਼ਾ ਘਟਨਾ ਹੈ ਦਿਲਜੀਤ ਦੌਸਾਂਝ ਦੀ ਨਵੀਂ ਫਿਲਮ "ਸਰਦਾਰ ਜੀ 3"

ਇਸ ਫਿਲਮ ਦੀ ਰਲੀਜ਼ ਤੇ ਭਾਰਤ ਵਿੱਚ ਬੈਨ ਲਗਾ ਦਿੱਤਾ ਗਿਆ, ਕਾਰਨ ਇਹ ਨਹੀਂ ਕਿ ਇਹ ਫਿਲਮ ਭਾਰਤ ਦੀ ਪ੍ਰਭੂਸਤਾ ਲਈ ਖਤਰਾ ਹੈ ।ਕਾਰਨ ਹੈ ਕਿ ਇਸ ਫਿਲਮ ਵਿੱਚ ਪਾਕਿਸਤਾਨੀ ਅਦਾਕਾਰਾ ਹਾਨੀਆ ਅਮੀਰ ਮੁੱਖ ਰੋਲ ਵਿੱਚ ਹੈ ।ਅਪ੍ਰੇਸ਼ਨ ਸਿੰਦੂਰ ਤੋਂ ਬਾਅਦ ਨਫਰਤ ਫੈਲਾਉਣ ਵਾਲੇ ਡੇਂਗੂ ਆਲੇ ਮੱਛਰ ਵਾਂਗੂ ਫੁੱਲ ਐਕਟਿਵ ਨੇ।

FWICE ( Fedration of Western India Cine Employees) ਨਾਂ ਦੀ ਸੰਸਥਾ ਤਾਂ ਬੈਨ ਤੋਂ ਖਾਸੀ ਗਹਾਂ ਨਿੱਕਲ ਗਈ ।ਉਹਨਾਂ ਨੇ ਮੋਦੀ ਨੂੰ ਚਿੱਠੀ ਲਿਖਤੀ ਕਿ ਦਿਲਜੀਤ ਤੇ ਇਸ ਫਿਲਮ ਦੇ ਨਿਰਮਾਤਾ ਭਾਰਤੀ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ।ਦਿਲਜੀਤ ਅਤੇ ਨਿਰਮਾਤਾ ਦੇ ਪਾਸਪੋਰਟ ਜਬਤ ਕੀਤੇ ਜਾਣ ਅਤੇ ਉਸਦੀ ਭਾਰਤੀ ਨਾਗਰਿਕਤਾ ਖੋਹੀ ਜਾਵੇ ।

ਕੁੱਝ ਨੁਕਤੇ ਵਿਚਰਾਨ ਯੋਗ

1. ਇੱਕ ਜਦੋਂ ਹਾਨੀਆ ਨੂੰ ਇਸ ਫਿਲਮ ਲਈ ਕਾਸਟ ਕੀਤਾ ਗਿਆ , ਉਸ ਸਮੇਂ ਇਹ ਵਿਵਾਦ ਨਹੀਂ ਸੀ ।ਫਿਲਮ ਤੇ ਕਰੋੜਾਂ ਖਰਚਿਆ ਗਿਆ ।ਉਸ ਸਮੇਂ ਅਨੇਕਾਂ ਪਾਕਿਸਤਾਨੀ ਕਲਾਕਾਰ ਸਮੇਤ ਹਾਨੀਆ ਭਾਰਤ ਵਿੱਚ ਕੰਮ ਕਰ ਰਹੇ ਸੀ ।ਸੋ ਨਿਰਮਾਤਾ ਦੇ ਆਰਥਿਕ ਹਿਤ ਧਿਆਨ ਵਿੱਚ ਰੱਖਣੇ ਚਾਹੀਦੇ ਹਨ ।
2. ਹਾਨੀਆ ਅਮੀਰ ਨੇ ਉਸ ਕਮੇਡੀਅਨ ਜਿਸਦਾ ਮੂੰਹ ਫੂਲ ਛਾਪ ਬੀੜੀ ਦੇ ਬੰਡਲ ਵਰਗਾ, ਵਰਗੀ ਕੋਈ ਅਜਿਹੀ ਕੋਈ ਗੱਲ ਨਹੀਂ ਕੀਤੀ ਜੋ ਭਾਰਤ ਦੀ, ਪੰਜਾਬ ਦੀ ਆਨ ਬਾਨ ਸ਼ਾਨ ਖਿਲਾਫ ਹੋਵੇ ।
3. ਕਲਾਕਾਰਾਂ ਦਾ ਨਾ ਕੋਈ ਧਰਮ ਹੁੰਦਾ ਨਾ ਕੋਈ ਦੇਸ਼ ।ਮੇਰੇ ਸਣੇ ਕਿੰਨੇ ਨੁਸਰਤ ਦੀਆਂ ਕਵਾਲੀਆਂ ਅਤੇ ਗੁਲਾਮ ਅਲੀ ਦੀਆਂ ਗਜ਼ਲਾਂ ਸੁਣ ਕੇ ਵੱਡੇ ਹੋਏ ਹੋਣਗੇ ।ਕੀ ਜਦੋਂ ਮਧੁਰ ਸੰਗੀਤ ਕੰਨਾਂ ਵਿੱਚ ਵੱਜਦਾ ਉਦੋਂ ਇਹ ਦਿਮਾਗ ਵਿੱਚ ਆਉਂਦਾ ਕਿ ਇਹ ਪਾਕਿਸਤਾਨੀ ਨੇ ਗਾਇਆ ਤਾਂ ਨਫਰਤ ਕਰੋ ।
4. ਕਿੰਨੇ ਭਾਰਤੀ ਕਲਾਕਾਰ ਵਿਦੇਸ਼ਾਂ ਵਿੱਚ ਕੰਮ ਕਰਦੇ, ਉਹਨਾਂ ਨਾਲ ਵੀ ਅਜਿਹਾ ਵਿਵਹਾਰ ਹੋਵੇ ਤਾਂ ਫਿਰ
5. ਕਲਾ ਕੋਈ ਵੀ ਹੋਵੇ, ਪਿਆਰ ਦਾ ਪੈਗਾਮ ਦਿੰਦੀ ਹੈ, ਨਫਰਤ ਦਾ ਨਹੀਂ

ਇੱਕ ਗੀਤ ਐ

ਆਓ ਬਾਲੀਏ ਸਰਹੱਦਾਂ ਉੱਤੇ ਮੋਮਬੱਤੀਆਂ
ਭਾਵੇਂ ਦੋਹੇਂ ਪਾਸੇ ਵਗਣ ਹਵਾਵਾਂ ਤੱਤੀਆਂ
ਆਓ ਅੱਗ ਬੁਝਾਉਣ ਵਾਲੇ ਪਾਸੇ ਤੁਰੀਏ, ਲਾਉਣ ਵਾਲੇ ਪਾਸੇ ਨਹੀਂ

ਨੋਟ : ਇਹ ਪੋਸਟ ਕਿਸੇ ਵੀ ਤਰੀਕੇ ਪਾਕਿਸਤਾਨ ਦਾ ਪੱਖ ਪੂਰਨ ਲਈ ਨਹੀਂ ਲਿਖੀ ਗਈ ।ਮੈਂ ਵੀ ਪਾਕਿਸਤਾਨੀ ਨਿਜ਼ਾਮ ਦੇ ਨਫਰਤੀ ਏਜੰਡੀ ਅਤੇ ਫੈਲਾਏ ਜਾ ਰਹੇ ਅੱਤਵਾਦ ਦੇ ਖਿਲਾਫ ਹਾਂ ।ਮੈਂ ਪਾਕਿਸਤਾਨੀ ਏਜੰਸੀਆਂ ਦੁਆਰਾ ਪੰਜਾਬ ਅਤੇ ਭਾਰਤ ਵਿੱਚ ਨਸ਼ਾ ਫੈਲਾਉਣ , ਧਰਮ ਦੇ ਨਾਂ ਤੇ ਫੁੱਟ ਪਾਉਣ ਦੀਆਂ ਕੋਸ਼ਿਸ਼ਾਂ ਖਿਲਾਫ ਹਾਂ। ਹਾਂ ਇਸ ਗੱਲ ਤੋਂ ਇਨਕਾਰੀ ਨਹੀਂ ਕਿ ਆਪਣੇ ਆਲੇ ਵੀ ਉੱਧਰ ਬਹੁਤ ਕੁਝ ਕਰਦੇ ਹੋਣਗੇ ।


* ਦਿਲਜੀਤ ਦੀ ਫਿਲਮ ਪੰਜਾਬ 1995 ਤੇ ਪਹਿਲਾਂ ਹੀ ਸਰਕਾਰ ਦਾ ਬੈਨ ਹੈ ।



ਨਵਨੀਤ ਕੱਕੜ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਬੋਹਾ-ਭੁੱਚੋਮੰਡੀ ਆਲੇ ਮਾਣ ਨਾਲ ਕਾਪੀ ਕੀਤਾ




# ਸੂਰਜ ਟੁਰਦਾ ਨਾਲ਼ ਬਰਾਬਰ



ਸੂਰਜ ਟੁਰਦਾ ਨਾਲ਼ ਬਰਾਬਰ
ਦਿਨ ਕਿਉਂ ਲੱਗਣ ਸਾਲ ਬਰਾਬਰ
ਵਿੱਥ ਤਾਂ ਸੱਜਣਾ ਵਿੱਥ ਹੁੰਦੀ ਹੈ
ਭਾਵੇਂ ਹੋਵੇ ਵਾਲ਼ ਬਰਾਬਰ

–ਫ਼ਰਹਾਦ ਇਕਬਾਲ

ਸੁੱਤੀ ਸੁੱਤੀ ਉਮਰੇ ਜਦੋਂ ਅੱਖੀਆਂ ਦੇ ਭਿੱਤ ਖੁੱਲ੍ਹਣ ਲੱਗੇ, ਘਰ ਦਾ ਸਾਰਾ ਮਾਹੌਲ ਧਾਰਮਿਕ ਰੰਗਣ ਵਾਲ਼ਾ ਸੀ। ਘਰ ਦੇ ਸਾਰੇ ਵੱਡੇ ਲੋਕ ਸਤਿਨਾਮ ਵਾਹਿਗੁਰੂ ਕਰਦੇ ਹਰ ਸਮੇਂ ਰੁੱਝੇ ਨਜ਼ਰ ਆਉਂਦੇ ਸੀ। ਅੱਠਵੀਂ ਜਮਾਤ ਤੋਂ ਸਾਇੰਸ ਨਾਲ਼ ਕਿਤਾਬਾਂ ਕਰ ਕੇ ਵਾਹ ਪਿਆ ਤਾਂ ਲੱਗਿਆ ਧਰਮ ਦਿਲ ਦੀ ਦੁਨੀਆਂ ਹੈ, ਵਿਸ਼ਵਾਸ ਦਾ ਸੰਸਾਰ ਹੈ ਪਰ ਵਿਗਿਆਨ ਦਿਮਾਗੀ ਸੰਸਾਰ ਵੱਲ ਖੁਲ੍ਹਦੀ ਬਾਰੀ ਹੈ। ਉਸ ਸਮੇਂ ਦੀ ਸੀਮਿਤ ਬੁੱਧੀ ਦਿਸਦੇ ਅਤੇ ਅਣਦਿਸਦੇ ਜਗਤ ਦੇ ਮੇਚ ਨਹੀਂ ਆ ਰਹੀ ਸੀ। ਸਵਾਲਾਂ ਦੀ ਝੜੀ ਨਾਲ਼ ਉਲ਼ਝਦੀ ਸੋਚਦੀ ਰਹੀ ਸ਼ਾਇਦ ਇਹ ਧਰਮ ਵਾਧੂ ਹੀ ਹੈ ਤੇ ਦਿਮਾਗੀ ਜੁਗਤਾਂ ਵੱਧ ਭਰਮਾਉਣ ਲੱਗੀਆਂ। ਹੌਲ਼ੀ-ਹੌਲ਼ੀ ਸਮਝ ਲੱਗੀ ਵਿਗਿਆਨ ਦੀ ਹਰ ਪ੍ਰਾਪਤੀ ਮਾਨਵਤ ? ਦੇ ਭਲੇ ਲਈ ਹੈ । ਇਹ ਭਵਿੱਖੀ ਸੁਪਨੇ ਸਾਕਾਰ ਕਰਦੀ ਤਰਕ-ਆਧਾਰੀ ਹੈ। ਧਰਮ ਵੀ ਪੂਰੀ ਮਨੁੱਖਤਾ ਨੂੰ ਸੇਧ ਦਿੰਦਾ, ਹੋਈ-ਬੀਤੀ ਨੂੰ ਸਾਕਾਰ ਕਰਦਾ ਸਾਡੀ ਪਿੱਠ ਥਾਪੜਦਾ ਹੈ। ਧਰਮ ਵਿਸ਼ਵਾਸ ਹੈ, ਵਿਗਿਆਨ ਤਰਕ ਹੈ। ਹੁਣ ਜਦ ਨਫ਼ੇ-ਨੁਕਸਾਨ ਦਾ ਲੇਖਾ-ਜੋਖਾ ਕਰਦਿਆਂ ਕਈ ਭੀੜੀਆਂ ਤੇ ਮੋਕਲ਼ੀਆਂ ਥਾਵਾਂ ਗਾਹ ਕੇ ਉਮਰ ਦਾ ਛੇਕੜਲਾ ਪੜਾਅ ਆ ਪੁੱਜਾ ਤਾਂ ਲੱਗਿਆ ਬਹੁਤ ਲੋਕਾਂ ਨੇ ਕਈ ਕੁੱਝ ਗੰਵਾ ਲਿਆ ਤੇ ਕਈਆਂ ਨੇ ਪਾ ਵੀ ਲਿਆ ਹੈ। ਪਰ ਸਵਾਲਾਂ ਦੀ ਫਸਲ ਜਿਉਂ ਦੀ ਤਿਉਂ ਅੰਦਰ ਪਲ਼ਦੀ ਰਹੀ। ਦੋਹਾਂ ਰਾਹਾਂ ਵਿਚ ਕਦੇ ਤੋਲ਼ਾ ਕਦੇ ਮਾਸਾ ਹੁੰਦੀ ਰਹੀ ਹਾਂ। ਸਿਰੋਂ ਲੰਘੀਆਂ ਧੁੱਪਾਂ-ਛਾਵਾਂ ਨੈ ਇਹ ਜਾਣੂੰ ਕਰਵਾਇਆ ਹੈ ਕਿ ਲਾਲਸਾਵਾਂ ਦੇ ਆਠਰਨ ਰੁੱਤੇ ਵੀ ਅਸੀਂ ਖੌਹਝਲ਼ਦੇ ਹੀ ਰਹੇ ਹਾਂ। ਅੱਜ ਲੋਕਾਂ ਦੀ ਭਗਦੜ (ਭੱਜ-ਦੌੜ) ਦੇਖ ਕੇ ਪੁੱਛਣ ਨੂੰ ਜੀਅ ਕਰਦਾ ਹੈ ਇਹ ਕਮਾਉਣ ਲਈ ਜਿਉਂ ਰਹੇ ਹਨ ਜਾਂ ਜਿਉਣ ਲਈ ਕਮਾਈ ਕਰਦੇ ਹਨ। ਕਿੰਨੀ ਕੁੱਤੇ-ਘਰਕਣੀ ਜਿਹੀ ਲੱਗੀ ਹੈ। ਮਨ ਨੇ ਸਮਾਈ ਕਰ ਕੇ ਟਿਕਣਾ ਕਦੇ ਸਿੱਖਿਆ ਹੀ ਨਹੀਂ। ਅੱਜ ਲੋਕਾਂ ਦਾ ਕਿਰਦਾਰ, ਵਿਵਹਾਰ ਅਤੇ ਰਫ਼ਤਾਰ ਦੇਖ ਕੇ ਕਈ ਹੋਰ ਸਵਾਲ ਆ ਸਿਰ ਚੁਕਦੇ ਹਨ। ਇਨ੍ਹਾਂ ਨੂੰ ਪੁੱਛੋ ਮਨ ਤਾਲਾਬ ਨਹੀਂ ਫਿਰ ਵੀ ਭਰ ਜਾਂਦਾ ਹੈ, ਪਿਆਰ ਬੀਜ ਨਹੀਂ ਪਰ ਵੱਤਰ ਦੇਖ ਕੇ ਫੁੱਟ ਨਿਕਲਦਾ ਹੈ। ਜ਼ੁਬਾਨ ਕੈਂਚੀ ਨਹੀਂ ਪਰ ਫਿਰ ਵੀ ਪਲ਼ ਰਹੀਆਂ ਸਾਂਝਾਂ ਨੂੰ ਚੀਰ ਧਰਦੀ ਹੈ। ਲਾਲਚ ਢਿੱਡ ਨਹੀਂ ਪਰ ਭਰਦਾ ਹੀ ਨਹੀਂ ਹੈ। ਅਕਲ ਦੇ ਪੈਰ ਨਹੀਂ ਹਨ ਪਰ ਪੂਰਾ ਦੌੜਦੀ ਹੈ। ਵਿਸ਼ਵਾਸ ਤਲ ਨਹੀਂ ਪਰ ਟਿਕ ਜਾਂਦਾ ਹੈ। ਇਨਸਾਨ ਵਕਤ ਨਹੀਂ ਪਰ ਵਿਕ ਜਾਂਦਾ ਹੈ। ਸ਼ਾਇਦ ਇਹ ਸਾਰੇ ਸਵਾਲ ਮੇਰੇ ਵਰਗੇ ਉਸ ਮਨ ਦੇ ਹਨ ਜੋ ਨਾ ਤਾਂ ਪੂਰੀ ਤਰ੍ਹਾਂ ਵਿਗਿਆਨਕ ਹੀ ਹੋ ਸਕਿਆ ਅਤੇ ਨਾ ਹੀ ਪੂਰਾ ਧਰਮੀ-ਕਰਮੀ ਹੀ ਰਿਹਾ। ਸਭ ਲੋਕ ਚੰਗੇ ਇਨਸਾਨ ਬਣਨਾ ਚਾਹ ਰਹੇ ਹਨ ਜੋ ਹੁਣ ਦੁਰਲੱਭ ਹੁੰਦੇ ਜਾ ਰਹੇ ਹਨ। ਅਜਿਹੇ ਲੋਕਾਂ ਬਾਰੇ ਸ਼ਮਸ਼ੇਰ ਸੰਧੂ ਲਿਖਦਾ ਹੈ –

ਚੱਜ ਦੇ ਬੰਦੇ ਸਦਾ ਹੀ ਹੁੰਦੇ ਰੂਹ ਦੇ ਪਿਆਸੇ
ਚੱਜ ਦੇ ਬੰਦੇ ਅੰਦਰੋਂ ਹੁੰਦੇ ਘੋਰ ਨਿਰਾਸੇ
ਚੱਜ ਦੇ ਬੰਦੇ ਦੁਖੀਆਂ ਨੂੰ ਸਦਾ ਦੇਣ ਦਿਲਾਸੇ
ਚੱਜ ਦੇ ਬੰਦੇ ਦੁੱਖ-ਸੁੱਖ ਸਹਿ ਕੇ ਵੀ ਵੰਡਦੇ ਹਾਸੇ।

# ਖੇਡਾਂ ਤੇ ਕਲਾ ਨੂੰ ਬਚਾ ਕੇ ਰੱਖੋ ਦਿਲਜੀਤ ਸਾਡੀ ਸ਼ਾਨ ਹੈ....



ਨਵਦੀਪ ਸਿੰਘ ਗਿੱਲ



ਕਿਸ ਨੇ ਸੋਚਿਆ ਸੀ ਕਿ ਦੋ ਦਹਾਕੇ ਪਹਿਲਾਂ "ਆ ਗਏ ਪੱਗਾਂ ਪੋਚਵੀਆਂ ਵਾਲੇ "ਗੀਤ ਗਾਉਣ ਵਾਲਾ ਆਉਣ ਵਾਲੇ ਸਮੇਂ ਵਿੱਚ ਗਾਇਕੀ ਦੇ ਖੇਤਰ ਵਿੱਚ ਇੰਨਾਂ ਛਾ ਜਾਵੇਗਾ ਕਿ ਉਹ ਪੱਗ ਦਾ ਬਰਾਂਡ ਬਣ ਜਾਵੇਗਾ।

ਦਿਲਜੀਤ ਦੋਸਾਂਝ ਅੱਜ ਗਲੋਬਲੀ ਸਟਾਰ ਹੈ ਜਿਸ ਦੇ ਪਿਛਲੇ ਸਾਲ ਲੂਮੀਨਾਟੀ ਟੂਰਾਂ ਦੀਆਂ ਮਕਬੂਲੀਅਤ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। 18 ਸਤੰਬਰ 1993 ਨੂੰ ਕੁਲਦੀਪ ਮਾਣਕ ਦੇ ਜਲਾਲ ਪਿੰਡ ਦੇ ਸ਼ੋਅ ਅਤੇ ਨੱਬੇ ਦੇ ਦਹਾਕੇ ਵਿੱਚ ਜੋ ਪ੍ਰੋ ਮੋਹਨ ਸਿੰਘ ਮੇਲੇ ਵਿੱਚ ਦਰਸ਼ਕਾਂ ਦਾ ਉਤਸ਼ਾਹ ਵੇਖਣ ਨੂੰ ਮਿਲਦਾ ਸੀ, ਦਿਲਜੀਤ ਦੋਸਾਂਝ ਦੇ ਲੂਮੀਨਾਟੀ ਟੂਰਾਂ ਦੌਰਾਨ ਉਹੀ ਵੇਖਣ ਨੂੰ ਮਿਲਿਆ, ਚਾਹੇ ਉਹ ਦੇਸ਼ ਦਾ ਪੂਰਬੀ ਹਿੱਸਾ, ਚਾਹੇ ਪੱਛਮੀ ਜਾਂ ਫੇਰ ਮੱਧ ਭਾਰਤ, ਪੰਜਾਬ ਵਿੱਚ ਤਾਂ ਉਸ ਨੂੰ ਖੜ੍ਹੇ ਪੈਰ ਦੂਜਾ ਸ਼ੋਅ ਸਾਲ ਦੇ ਅਖ਼ੀਰਲੇ ਦਿਨ ਲੁਧਿਆਣੇ ਰੱਖਣਾ ਪਿਆ ਜੋ ਉਸ ਦੀ ਕਰਮ ਭੂਮੀ ਵੀ ਹੈ।

ਦਿਲਜੀਤ ਨੇ ਜਿੱਥੇ ਪੱਗ ਨੂੰ ਮਨੋਰੰਜਨ ਜਗਤ ਵਿੱਚ ਹੋਰ ਵੱਡਾ ਦਰਜਾ ਦਿਵਾਇਆ ਉੱਥੇ ਉਸ ਨੇ ਪੰਜਾਬੀਅਤ ਦਾ ਝੰਡਾ ਅਜਿਹਾ ਬੁਲੰਦ ਕੀਤਾ ਕਿ ਹੁਣ ਉਸ ਦੇ ਕਹੇ ਬੋਲ "ਪੰਜਾਬੀ ਆ ਗਏ "ਜਨਤਕ ਨਾਅਰਾ ਬਣ ਚੁੱਕਾ ਹੈ। ਪੂਰੀ ਆਈਪੀਐਲ ਵਿੱਚ ਕਿੰਗਜ਼ ਪੰਜਾਬ ਟੀਮ ਦੀ ਜਿੱਤ ਮੌਕੇ ਇਹੋ ਨਾਅਰਾ ਗੂੰਜਦਾ ਰਿਹਾ।

ਦਿਲਜੀਤ ਵੀ ਬਹੁਤੇ ਸਮਰੱਥ ਗਾਇਕਾਂ ਵਾਂਗ ਧਾਰਮਿਕ ਗਾਇਕ ਦੇ ਪਿਛੋਕੜ ਤੋਂ ਆਇਆ। ਉਸ ਦੇ ਸ਼ੁਰੂਆਤੀ ਸੰਘਰਸ਼ ਅਤੇ ਮਿਹਨਤ ਬਾਰੇ ਸ਼ਮਸ਼ੇਰ ਸੰਧੂ, ਮਾਸਟਰ ਜੋਗਾ ਸਿੰਘ ਤੇ ਰਵਿੰਦਰ ਰੰਗੂਵਾਲ ਦੇ ਮੂੰਹੋਂ ਬਹੁਤ ਕਿੱਸੇ ਸੁਣੇ ਹਨ। ਜਿਸ ਦੌਰ ਵਿੱਚ ਉਸ ਨੇ ਗਾਉਣਾ ਸ਼ੁਰੂ ਕੀਤਾ ਤਾਂ ਉਦੋਂ ਮਲਕੀਤ, ਸੁਰਜੀਤ ਬਿੰਦਰਖੀਆ ਤੇ ਪੰਮੀ ਬਾਈ ਨੂੰ ਛੱਡ ਕੇ ਸਾਰੇ ਮਕਬੂਲ ਗਾਇਕ ਬਿਨਾਂ ਪੱਗ ਵਾਲੇ ਸਨ ਜਿਨਾਂ ਵਿੱਚ ਗੁਰਦਾਸ ਮਾਨ, ਹੰਸ ਰਾਜ ਹੰਸ, ਹਰਭਜਨ ਮਾਨ, ਜੈਂਜੀ ਬੀ, ਸਰਦੂਲ ਸਿਕੰਦਰ, ਮਨਮੋਹਨ ਵਾਰਿਸ, ਬੱਬੂ ਮਾਨ ਆਦਿ ਸ਼ਾਮਲ ਹਨ। ਉਦੋਂ ਦਿਲਜੀਤ ਸਮੇਤ ਰਵਿੰਦਰ ਗਰੇਵਾਲ, ਸੁਖਵਿੰਦਰ ਸੁੱਖੀ, ਗੁਰਕ੍ਰਿਪਾਲ ਸੂਰਾਪੁਰੀ, ਜੱਸੀ ਸੋਹਲ ਆਦਿ ਗਾਇਕ ਪੱਗ ਦੇ ਨਾਲ ਆਏ ਸਨ ਤੇ ਸਥਾਪਤੀ ਲਈ ਸੰਘਰਸ਼ ਕਰ ਰਹੇ ਸਨ।

ਇਕ ਵਾਕਿਆ ਦਾ ਮੈਂ ਨਾ ਸਿਰਫ ਅੱਖੀ ਡਿੱਠਾ ਗਵਾਹ ਹਾਂ ਬਲਕਿ ਮੇਰੇ ਨਾਲ ਸਬੰਧਤ ਹਾਂ ਕਿ ਦਿਲਜੀਤ ਕਿਸ ਸੰਘਰਸ਼ ਦੇ ਦੌਰ ਵਿੱਚੋਂ ਗੁਜ਼ਰਿਆ। ਸਾਲ 2007 ਦੇ ਅਖੀਰ ਜਾਂ 2008 ਦੇ ਸ਼ੁਰੂ ਦੀ ਹੈ, ਪ੍ਰਸਿੱਧ ਗੀਤਕਾਰ ਅਤੇ ਸਾਡੇ ਪੰਜਾਬੀ ਟ੍ਰਿਬਿਊਨ ਅਖ਼ਬਾਰ ਦੇ ਸੀਨੀਅਰ ਸਾਥੀ ਪੱਤਰਕਾਰ ਸ਼ਮਸ਼ੇਰ ਸੰਧੂ ਦੇ ਬੇਟੇ ਡਾ ਗਗਨ ਦਾ ਵਿਆਹ ਸੀ ਤੇ ਵਿਆਹ ਦੀ ਪਾਰਟੀ ਏਕੇਐਮ ਜ਼ੀਰਕਪੁਰ ਵਿਖੇ ਰੱਖੀ ਸੀ। ਉਦੋਂ ਸਟੇਜ ਉੱਪਰ ਸਾਊਂਡ ਤੇ ਸਾਜ਼ਿੰਦੇ ਬੱਬੂ ਮਾਨ ਦੇ ਸਨ ਅਤੇ ਸਟੇਜ ਉੱਪਰ ਗੁਰਦਾਸ ਮਾਨ, ਬੱਬੂ ਮਾਨ, ਪੰਮੀ ਬਾਈ, ਹਰਦੀਪ ਹੁਰਾਂ ਨੇ ਅਖਾੜਾ ਸਜਾਇਆ ਹੋਇਆ ਸੀ। ਬਿੰਦਰਖੀਆ ਦਾ ਬੇਟਾ ਗੀਤਾਜ ਵੀ ਸਟੇਜ ਉੱਪਰ ਸੀ ਜਿਸ ਨੂੰ ਉਸੇ ਦਿਨ ਲਾਂਚ ਕਰਕੇ ਸ਼ਮਸ਼ੇਰ ਸੰਧੂ ਦੇ ਆਖੇ ਬੋਲ ਪੁਗਾਏ ਸਨ (ਭਤੀਜੇ ਵਿੱਚੋਂ ਯਾਰ ਨੂੰ ਬੁਲਾਵਾਂਗੇ)। ਗੁਰਦਾਸ ਮਾਨ ਨੇ ਆਪਣੀ ਰਵਾਇਤ ਅਨੁਸਾਰ ਗਾਉਂਦਿਆਂ ਵਿਆਹ ਵਾਲੀ ਜੋੜੀ ਨੂੰ "ਤੇਰੀ ਜੋੜੀ ਜੀਵੇ, ਤੇਰੀ ਘੋੜੀ ਜੀਵੇ"ਗਾ ਕੇ ਸਟੇਜ ਉੱਪਰ ਬੁਲਾ ਲਿਆ ਜਿਸ ਨਾਲ ਸਟੇਜ ਉੱਪਰ ਇਕਦਮ ਭੀੜ ਵਧ ਗਈ। ਉੱਪਰੋਂ ਅਸੀਂ ਸੰਧੂ ਸਾਹਿਬ ਦੀ ਮਿੱਤਰ ਮੰਡਲੀ ਵਾਲੇ ਵੀ ਸਟੇਜ ਉੱਪਰ ਵੱਡੀ ਗਿਣਤੀ ਵਿੱਚ ਸੀ ਜਿਨਾਂ ਵਿੱਚ ਕਾਕਾ ਭਾਜੀ, ਜੀਤੀ ਹੁਰੀਂ ਆਦਿ ਸ਼ਾਮਲ ਸਨ। ਉਸ ਵੇਲੇ ਸੰਧੂ ਸਾਹਬ ਨੇ ਸਾਨੂੰ ਆਖਿਆ ਕਿ ਹੁਣ ਧਿਆਨ ਰੱਖਿਓ ਕਿ ਸਟੇਜ ਉੱਪਰ ਹੋਰ ਭੀੜ ਨਾ ਹੋ ਜਾਵੇ, ਕਿਤੇ ਸਟੇਜ ਧੜੱਮ ਡਿੱਗ ਪਏ, ਇਸ ਲਈ ਥੱਲਿਓਂ ਹੋਰ ਐਂਟਰੀ ਬੰਦ ਕਰ ਦੇਵੋ। ਮੈਂ ਤੇ ਰਣਦੀਪ (ਪੰਨੂੰ) ਜੋ ਸੰਧੂ ਸਾਹਿਬ ਦਾ ਭਤੀਜਾ ਪੌੜੀਆਂ ਕੋਲ ਖੜ੍ਹ ਗਏ। ਮੇਰਾ ਦੋਸਤ ਅਜੀਤਪਾਲ ਚਹਿਲ ਵੀ ਮੇਰੇ ਨਾਲ ਸੀ। ਉਸ ਵੇਲੇ ਪੌੜੀਆਂ ਕੋਲ ਜਿੰਨਾਂ ਨੂੰ ਅਸੀਂ ਉੱਪਰ ਆਉਣ ਤੋਂ ਰੋਕਿਆ, ਉਹਨਾਂ ਵਿੱਚ ਇੱਕ ਦਿਲਜੀਤ ਦੋਸਾਂਝ ਵੀ ਸੀ।

ਆਰਟਿਸਟਾਂ ਦੇ ਘਰੇਲੂ ਅਤੇ ਵਿਆਹ ਸਮਾਗਮਾਂ ਵਿੱਚ ਇਹ ਆਮ ਵਰਤਾਰਾ ਹੈ ਜਦੋਂ ਵੱਡੇ ਕਲਾਕਾਰ ਸਟੇਜ ਉੱਪਰ ਹੋਣ ਤਾਂ ਨਵੇਂ ਕਲਾਕਾਰਾਂ ਨੂੰ ਮੌਕਾ ਘੱਟ ਮਿਲਦਾ। ਜਿਵੇਂ 1995 ਵਿੱਚ ਧਵਨ ਪੈਲੇਸ ਮੋਗਾ ਵਿਖੇ ਹਰਭਜਨ ਮਾਨ ਦੇ ਭਰਾ ਗੁਰਸੇਵਕ ਮਾਨ ਦੇ ਵਿਆਹ ਮੌਕੇ ਹੰਸ ਰਾਜ ਹੰਸ, ਸਰਦੂਲ ਸਿਕੰਦਰ, ਪੰਮੀ ਬਾਈ ਦੀ ਹਾਜ਼ਰੀ ਕਰਕੇ ਜਸਵੀਰ ਜੱਸੀ ਨੂੰ ਗਾਉਣ ਲਈ ਸਮਾਂ ਹੀ ਨਹੀਂ ਮਿਲਿਆ, ਜਦੋਂਕਿ ਉਸ ਤੋਂ ਕੁਝ ਦਿਨਾਂ ਬਾਅਦ "ਦਿਲ ਲੈ ਗਈ ਕੁੜੀ ਗੁਜਰਾਤ ਦੀ"ਨਾਲ ਜੱਸੀ ਦੀ ਮੰਗ ਪੂਰੇ ਭਾਰਤ ਵਿੱਚ ਸੀ।

ਗੱਲ ਮੁੜ ਕਰਦੇ ਹਾਂ ਦਿਲਜੀਤ ਦੀ, ਰੰਗੂਵਾਲ ਵੱਲੋਂ ਕਹਿਣ ਉਤੇ ਹੀ ਦਿਲਜੀਤ ਨੂੰ ਪਹਿਲੀ ਵਾਰ ਫ਼ਾਈਨਟੋਨ ਵਾਲੇ ਰਾਜਿੰਦਰ ਸਿੰਘ ਨੇ ਮੌਕਾ ਦਿੱਤਾ ਸੀ। ਉਸ ਤੋਂ ਬਾਅਦ ਗੁੱਡੂ ਧਨੋਆ ਨੇ ਪਹਿਲੀ ਫਿਲਮ ਦਿੱਤੀ। ਇਸ਼ਕ ਦਾ ਓ ਅ, ਦਿਲ ਨੂੰ ਤੇਰੇ ਨਾਲ ਕਿਹਨਾਂ ਕੁ ਪਿਆਰ, ਆ ਗਏ ਪੱਗਾਂ ਪੋਚਵੀਆਂ ਵਾਲੇ, ਆਦਿ ਗੀਤਾਂ ਤੋਂ ਲੈ ਕੇ ਜੱਟ ਪੈਦਾ ਹੋਇਆ ਛਾਉਣ ਵਾਸਤੇ, ਜੱਟ ਦਾ ਪਿਆਰ ਗੋਗੀਏ (G.O.A.T.) ਤੱਕ ਪੁੱਜਦਿਆਂ ਦਿਲਜੀਤ ਨੇ ਹਿੱਟ ਗਾਣਿਆਂ ਅਤੇ ਉਸ ਦੀ ਮਕਬੂਲੀਅਤ ਨੇ ਸਭ ਸਿਖਰਾਂ ਛੂਹ ਲਈਆਂ। ਉਸ ਦੇ ਹਿੱਟ ਗੀਤਾਂ ਵਿੱਚ ਵੀਰਵਾਰ ਦਿਨ, ਪੌਪਲਿਨ, ਪਟਿਆਲਾ ਪੈੱਗ, ਰਾਤ ਦੀ ਗੇੜੀ, ਪੰਜ ਤਾਰਾ, ਤੈਨੂੰ ਕਿੰਨਾ ਪਿਆਰ ਕਰਦਾ (Do You Know), ਲੈਂਬੜਗਿਨੀ ਆਦਿ ਸੂਚੀ ਬਹੁਤ ਲੰਬੀ ਹੈ।

ਸਫਲਤਾ ਦੇ ਇਸ ਰਾਹ ਵਿੱਚ ਉਸ ਨੇ "ਆਰ ਨਾਨਕ ਪਾਰ ਨਾਨਕ , "ਗੋਬਿੰਦ ਦੇ ਲਾਲ ਸੂਬਿਆਂ ਸਮਝੀ ਨਾ ਡਰ ਜਾਣਗੇ , "ਧੰਨ ਧੰਨ ਬਾਬਾ , "ਨੂਰ ਨਾਨਕ , "ਬਾਬਾ ਮੱਝੀਆਂ ਚਰਾਉਂਦਾ ਦਿਸਦਾ ਐ , "ਨਾਨਕੀ ਦਾ ਵੀਰ"ਆਦਿ ਮਕਬੂਲ ਧਾਰਮਿਕ ਗੀਤਾਂ ਵੀ ਗਾਏ।

ਦਿਲਜੀਤ ਨੇ ਜਦੋਂ ਲੱਕ 28 ਗਿਆ ਸੀ ਤਾਂ ਮੇਰੇ ਯਾਦ ਹੈ ਕਿ ਉਹ ਲੁਧਿਆਣੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪ੍ਰੋ ਗੁਰਭਜਨ ਗਿੱਲ ਕੋਲ ਇਸ ਗਾਣੇ ਨੂੰ ਗਾਉਣ ਲਈ ਉਹਨਾਂ ਕੋਲੋਂ ਮੁਆਫੀ ਵੀ ਮੰਗ ਕੇ ਆਇਆ ਸੀ ਅਤੇ ਉਸ ਤੋਂ ਬਾਅਦ ਮੇਰੇ ਖ਼ਿਆਲ ਵਿੱਚ ਉਸ ਨੇ ਇਹ ਗੀਤ ਕਦੇ ਗਾਇਆ ਵੀ ਨਹੀਂ।

ਫ਼ਿਲਮੀ ਸਫ਼ਰ ਦੀ ਗੱਲ ਕਰੀਏ ਤਾਂ "ਮੇਲ ਕਰਾਦੇ ਰੱਬਾ"ਤੋਂ ਲੈ ਕੇ ਕਈ ਹਿੱਟ ਫ਼ਿਲਮਾਂ ਦਿੱਤੀਆਂ। ਪੰਜਾਬੀ ਵਿੱਚ ਜੱਟ ਜੂਲੀਅਟ ਜਿਹੀ ਕਾਮੇਡੀ, ਪੰਜਾਬ 1984 ਜਿਹੀ ਸੰਵੇਦਨਸ਼ੀਲ ਫਿਲਮ, ਵੱਖਰੇ ਵਿਸ਼ੇ ਵਾਲੀ ਸੱਜਣ ਸਿੰਘ ਰੰਗਰੂਟ ਅਤੇ ਅਮਰ ਸਿੰਘ ਚਮਕੀਲਾ ਦੇ ਜੀਵਨ ਬਾਰੇ ਪੰਜਾਬੀ ਵਿੱਚ ਜੋੜੀ ਤੇ ਹਿੰਦੀ ਵਿੱਚ ਅਮਰ ਸਿੰਘ ਚਮਕੀਲਾ ਹਿੱਟ ਫ਼ਿਲਮਾਂ ਦਿੱਤੀਆਂ। ਹਿੰਦੀ ਫਿਲਮਾਂ ਵਿੱਚ ਹਾਕੀ ਓਲੰਪੀਅਨ ਸੰਦੀਪ ਸਿੰਘ ਉੱਪਰ ਬਣੀ "ਸੂਰਮਾ"ਰਾਹੀਂ ਵੀ ਦਿਲਜੀਤ ਨੇ ਆਪਣਾ ਲੋਹਾ ਮਨਵਾਇਆ। ਮਨੁੱਖੀ ਅਧਿਕਾਰਾਂ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਉੱਪਰ ਬਣੀ ਹਿੰਦੀ ਫਿਲਮ ਪੰਜਾਬ 95 ਦੀ ਹਾਲੇ ਉਡੀਕ ਹੈ। ਇਸ ਦੌਰਾਨ ਉਹ ਆਪਣੀ ਨਵੀਂ ਫਿਲਮ ਸਰਦਾਰ ਜੀ 3 ਲਈ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਕਾਰਨ ਆਲੋਚਨਾਵਾਂ ਵਿੱਚ ਘਿਰ ਗਿਆ।

ਹੁਣ ਅਸਲ ਮੁੱਦੇ ਦੀ ਗੱਲ ਕਰਦੇ ਹਾਂ। ਸਾਡੇ ਮੁਲਕ ਵਿੱਚ ਅਸਹਿਣਸ਼ੀਲਤਾ ਕਹਿ ਲਵੋ ਜਾਂ ਸੌੜੀ ਸੋਚ ਜਾਂ ਫੇਰ ਦੋਗਲੇ ਕਿਰਦਾਰ। ਕੁਝ ਮਹੀਨੇ ਪਹਿਲਾਂ ਜਿਸ ਦਿਲਜੀਤ ਦੇ ਸ਼ੋਅ ਨੂੰ ਦੇਖਣ ਲਈ ਮਾਰਾਂ ਮਾਰੀ ਹੋ ਰਹੀ ਸੀ, ਟਿਕਟਾਂ ਬਲੈਕ ਹੋ ਰਹੀਆਂ ਸਨ, ਪਾਸਾਂ ਲਈ ਵੱਡੀਆਂ ਸਿਫਾਰਸ਼ਾਂ ਹੋ ਰਹੀਆਂ ਸਨ, ਅੱਜ ਨਾ ਸਿਰਫ ਉਸ ਦੀ ਫ਼?ਲਮ ਦੇ ਬਾਈਕਾਟ ਦੀ ਗੱਲ ਚੱਲੀ, ਸਗੋਂ ਉਸ ਦੀ ਭਾਰਤੀ ਨਾਗਰਿਕਤਾ ਰੱਦ ਕਰਨ ਦੀ ਵੀ ਮੰਗ ਉੱਠ ਗਈ। ਪਾਕਿਸਤਾਨੀ ਅਦਾਕਾਰਾ ਕਰਕੇ ਹੁਣ ਦਿਲਜੀਤ ਨਿਸ਼ਾਨੇ ਉੱਤੇ ਹੈ। ਕੁਝ ਦਿਨ ਪਹਿਲਾਂ ਸਾਡਾ ਓਲੰਪਿਕਸ ਤੇ ਵਿਸ਼ਵ ਚੈਂਪੀਅਨ ਜੈਵਲਿਨ ਥਰੋਅਰ ਨੀਰਜ ਚੋਪੜਾ ਵੀ ਇਸ ਗੱਲ ਕਰਕੇ ਨਿਸ਼ਾਨੇ ਉੱਤੇ ਆ ਗਿਆ ਸੀ ਕਿ ਉਸ ਨੇ ਪਾਕਿਸਤਾਨੀ ਅਥਲੀਟ ਅਰਸ਼ਦ ਨਦੀਮ ਨੂੰ ਖੇਡਣ ਲਈ ਸੱਦਾ ਪੱਤਰ ਦਿੱਤਾ। ਹਾਲਾਂਕਿ ਇਹ ਦੋਵੇਂ ਮਾਮਲਿਆਂ ਵਿੱਚ ਪਹਿਲਗਾਮ ਵਿਖੇ ਵਾਪਰੇ ਮੰਦਭਾਗੇ ਤੇ ਦੁਖਦਾਈ ਅਤਿਵਾਦੀ ਹਮਲੇ ਤੋਂ ਪਹਿਲਾਂ ਫਿਲਮ ਦੀ ਸ਼ੂਟਿੰਗ ਹੋਈ ਸੀ ਅਤੇ ਨਦੀਮ ਨੂੰ ਸੱਦਾ ਪੱਤਰ ਵੀ ਪਹਿਲਾਂ ਦਿੱਤਾ ਗਿਆ ਸੀ।

ਵੈਸੇ ਵੀ ਸਾਨੂੰ ਖੇਡਾਂ, ਕਲਾ, ਸਾਹਿਤ ਨੂੰ ਹਮੇਸ਼ਾ ਰਾਜਨੀਤੀ ਤੋਂ ਵੱਖ ਕਰਕੇ ਦੇਖਣਾ ਚਾਹੀਦਾ ਹੈ। ਦੁੱਖ ਤਾਂ ਇਸ ਗੱਲ ਦਾ ਹੈ ਜਦੋਂ ਇਸ ਫ਼ੀਲਡ ਦੇ ਲੋਕ ਵੀ ਆਪਣਿਆਂ ਖ਼ਿਲਾਫ਼ ਬੋਲਣ ਲੱਗ ਜਾਂਦੇ ਹਨ ਜਿਵੇਂ ਹੁਣ ਦਿਲਜੀਤ ਨਾਲ ਹੋ ਰਿਹਾ ਹੈ ਤੇ ਪਹਿਲਾਂ ਨੀਰਜ ਨਾਲ ਹੋਇਆ ਸੀ। ਇੱਕੋ ਝਟਕੇ ਨਾਲ ਉਨ੍ਹਾਂ ਦੀ ਦੇਣ ਭੁਲਾ ਦਿੱਤੀ ਜਾਂਦੀ ਹੈ। ਨੀਰਜ ਸਾਡੀ ਤਿਰੰਗੇ ਦੀ ਸ਼ਾਨ ਹੈ ਜਿਸ ਬਦੌਲਤ ਓਲੰਪਿਕਸ ਦੀ ਫਿਜ਼ਾ ਵਿੱਚ ਜਨ ਗਣ ਮਨ ਗੂੰਜਿਆ। ਦਿਲਜੀਤ ਨੇ ਪੰਜਾਬ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ ਹੈ।


ਪਿਛਲੇ ਸਾਲ ਮੈਨੂੰ ਕਈ ਦੋਸਤਾਂ ਨੇ ਪੁੱਛਿਆ ਕਿ ਤੂੰ ਦਿਲਜੀਤ ਦਾ ਚੰਡੀਗੜ੍ਹ ਸ਼ੋਅ ਨਹੀਂ ਦੇਖਣ ਜਾ ਰਿਹਾ ? ਦਿਲਜੀਤ ਮੈਨੂੰ ਸੁਣਨਾ ਵਧੀਆ ਲੱਗਦਾ ਹੈ ਪਰ ਅਖਾੜਾ ਗਾਇਕੀ ਵਿੱਚ ਗੁਰਦਾਸ ਮਾਨ, ਹਰਭਜਨ ਮਾਨ, ਪੰਮੀ ਬਾਈ, ਮਨਮੋਹਨ ਵਾਰਿਸ, ਰਣਜੀਤ ਬਾਵਾ ਤੇ ਕੁਲਵਿੰਦਰ ਬਿੱਲਾ ਹਮੇਸ਼ਾ ਪਸੰਦੀਦਾ ਗਾਇਕ ਰਹੇ ਹਨ। ਸ਼ਾਇਦ ਇਸੇ ਕਰਕੇ ਦਿਲਜੀਤ ਦਾ ਸ਼ੋਅ ਨਹੀਂ ਵੇਖਣ ਗਿਆ, ਉੱਪਰੋਂ ਮੇਰੇ ਕੋਲ ਟਿਕਟ/ਪਾਸ ਵੀ ਨਹੀਂ ਸਨ। ਜਾਂ ਕਹਿ ਲਵੋ ਹਾਸਲ ਕਰਨ ਲਈ ਜ਼ਿਆਦਾ ਕੋਸ਼ਿਸ਼ ਨਹੀਂ ਕੀਤੀ।

ਦਿਲਜੀਤ ਦੇ ਗਾਣੇ ਸੁਣਨੇ ਹਮੇਸ਼ਾ ਵਧੀਆ ਲੱਗਦੇ ਹਨ। ਹੁਣ ਜਦੋਂ ਉਸ ਦਾ ਵਿਰੋਧ ਹੋਇਆ ਹੈ ਤਾਂ ਸਾਨੂੰ ਉਸ ਨਾਲ ਖੜ੍ਹਨਾ ਚਾਹੀਦਾ ਹੈ। ਦਿਲਜੀਤ ਨੇ ਹਮੇਸ਼ਾ ਪੱਗ ਅਤੇ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ ਹੈ। ਪਿਛਲੇ ਸਾਲ ਦਿਲਜੀਤ ਦੀ ਫਿਲਮ ਜੱਟ ਜੂਲੀਅਟ 3 ਦੇਖ ਕੇ ਮਹਿਸੂਸ ਹੋਇਆਂ ਸੀ ਕਿ ਦਿਲਜੀਤ ਫ਼?ਲਮਾਂ ਨਾਲੋਂ ਗਾਇਕੀ ਵੱਲ ਹੀ ਧਿਆਨ ਦੇਵੇ ਜਾਂ ਫੇਰ ਉਹ ਫ਼?ਲਮ ਦਿਲਜੀਤ ਨੇ ਹਲਕੇ ਵਿੱਚ ਲਈ ਜੋ ਉਸ ਦੇ ਮਿਆਰ ਤੋਂ ਹੇਠਾਂ ਸੀ। ਹੁਣ ਤਾਜੇ ਵਿਵਾਦ ਤੋਂ ਬਾਅਦ ਮਨ ਬਣਿਆ ਹੈ ਕਿ ਦਿਲਜੀਤ ਦੀ ਨਵੀਂ ਫ਼ਿਲਮ ਜ਼ਰੂਰ ਦੇਖਣੀ ਬਣਦੀ ਹੈ ਕਿਉਂਕਿ ਹੁਣ ਸਾਨੂੰ ਸਾਰਿਆਂ ਨੂੰ ਉਸ ਦੇ ਹੱਕ ਵਿੱਚ ਖੜ੍ਹਨਾ ਚਾਹੀਦਾ ਹੈ। ਦਿਲਜੀਤ ਦੇ ਵਿਰੋਧੀਆਂ ਨੇ ਸਾਡਾ ਆਪਸੀ ਪਾੜਾ ਵੀ ਵਧਾ ਦਿੱਤਾ ਹੈ ਕਿਉਂਕਿ ਬਹੁਤਿਆਂ ਨੂੰ ਇਹੋ ਮਹਿਸੂਸ ਹੋ ਰਿਹਾ ਹੈ ਕਿ ਦਿਲਜੀਤ ਦੀ ਪੱਗ ਅਤੇ ਦਿਲਜੀਤ ਦੇ ਪੰਜਾਬੀ ਹੋਣ ਕਰਕੇ ਇਸ ਦਾ ਵਿਰੋਧ ਹੋ ਰਿਹਾ ਹੈ। ਦਿਲਜੀਤ ਦੇ ਲੂਮੀਨਾਟੀ ਸ਼ੋਆਂ ਦੌਰਾਨ ਉਸ ਨੂੰ ਸੁਣਨ ਲਈ ਉਮੜੇ ਦੇਸ਼ ਭਰ ਦੇ ਲੋਕ ਹੀ ਹੁਣ ਉਸ ਦੀ ਹਮਾਇਤ ਵਿੱਚ ਉੱਤਰ ਕੇ ਇਸ ਪਾੜੇ ਨੂੰ ਖਤਮ ਕਰ ਸਕਦੇ ਹਨ। ਖੇਡਾਂ ਤੇ ਕਲਾ ਹਮੇਸ਼ਾ ਜੋੜਦੇ ਹਨ, ਇਸ ਕਰਕੇ ਇਸ ਖੇਤਰ ਨੂੰ ਬਚਾ ਕੇ ਰੱਖੋ।





# ਅਰਬ ਦੇਸ਼ ਫਲਸਤੀਨੀਆਂ ਅਤੇ ਇਰਾਨ ਦੀ ਇਜ਼ਰਾਈਲ ਦੇ ਖਿਲਾਫ ਮਦਦ ਕਿਉਂ ਨਹੀਂ ਕਰ ਰਹੇ?



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਦੁਨੀਆਂ ਵਿੱਚ ਕੁੱਲ 22 ਅਰਬ ਦੇਸ਼ ਹਨ ਜੋ ਮੱਧ ਪੂਰਬ ਤੋਂ ਲੈ ਕੇ ਉੱਤਰੀ ਅਫਰੀਕਾ ਦੇ ਦੇਸ਼ਾਂ ਜਿਵੇਂ ਮਿਸਰ, ਲੀਬੀਆ, ਮੌਰੱਕੋ ਅਤੇ ਅਲਜੀਰੀਆ ਆਦਿ ਤੱਕ ਫੈਲੇ ਹੋਏ ਹਨ। ਇਨ੍ਹਾਂ ਵਿੱਚ ਸਭ ਤੋਂ ਜਿਆਦਾ ਦੌਲਤਮੰਦ ਸਾਊਦੀ ਅਰਬ, ਯੂਨਾਈਟਡ ਅਰਬ ਅਮੀਰਾਤ (ਦੁਬਈ, ਆਬੂਧਾਬੀ, ਸ਼ਾਰਜਾਹ, ਆਜਮਨ, ਉੱਮ ਅਲ ਕੁਵਾਇਨ, ਰਾਸ ਅਲ ਖੇਮਾਹ ਅਤੇ ਫੁਜ਼ਾਈਰਾਹ), ਉਮਾਨ, ਬਹਿਰੀਨ, ਕੁਵੈਤ ਅਤੇ ਕਤਰ ਹਨ। ਇਹ ਸਾਰੇ ਦੇਸ਼ ਸੁੰਨੀ ਫਿਰਕੇ ਨਾਲ ਸਬੰਧ ਰੱਖਦੇ ਹਨ ਤੇ ਫਲਸਤੀਨੀ (ਗਾਜ਼ਾ ਪੱਟੀ ਅਤੇ ਪੱਛਮੀ ਕਿਨਾਰਾ) ਵੀ ਸੁੰਨੀ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਅੱਜ ਇਜ਼ਰਾਈਲ ਨੂੰ ਗਾਜ਼ਾ ਵਿੱਚ ਜ਼ੁਲਮ ਕਰਦਿਆਂ ਇੱਕ ਸਾਲ ਅੱਠ ਮਹੀਨੇ (7 ਅਕਤੂਬਰ 2023 ਨੂੰ ਸ਼ੁਰੂ ਹੋਏ) ਦੇ ਕਰੀਬ ਹੋ ਗਏ ਹਨ। ਲਗਭਗ ਰੋਜ਼ਾਨਾਂ ਹੋ ਰਹੇ ਹਵਾਈ ਹਮਲਿਆਂ ਵਿੱਚ ਸੈਂਕੜੇ ਮਾਸੂਮ ਬੱਚਿਆ, ਔਰਤਾਂ ਅਤੇ ਮਰਦਾਂ ਨੂੰ ਕਤਲ ਕੀਤਾ ਹਾ ਰਿਹਾ ਹੈ। ਹੁਣ ਤੱਕ 180 ਪੱਤਰਕਾਰਾਂ ਸਮੇਤ ਕਰੀਬ 56000 ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ। ਗਾਜ਼ਾ ਪੱਟੀ ਦੇ ਖਾਨ ਯੂਨਸ, ਰਫਾਹ, ਦੀਰ ਅਲ ਬਲਾਹ ਅਤੇ ਗਾਜ਼ਾ ਸਿਟੀ ਆਦਿ ਸ਼ਹਿਰਾਂ ਨੂੰ ਖੰਡਰਾਂ ਵਿੱਚ ਬਦਲ ਦਿੱਤਾ ਗਿਆ ਹੈ। ਹੁਣ ਤਾਂ ਜ਼ੁਲਮ ਦੀ ਇੰਤਹਾ ਹੋ ਗਈ ਹੈ, ਇਜ਼ਰਾਈਲੀ ਫੌਜ ਨੇ ਨਾਕਾਬੰਦੀ ਕਰ ਕੇ ਗਾਜ਼ਾ ਪੱਟੀ ਵਿੱਚ ਰਾਸ਼ਨ ਪਾਣੀ ਪਹੁੰਚਣਾ ਬਿਲਕੁਲ ਬੰਦ ਕਰ ਦਿੱਤਾ ਹੈ। ਹਜ਼ਾਰਾਂ ਲੋਕਾਂ ਦੀ ਭੁੱਖ ਨਾਲ ਮਰਨ ਦੀ ਨੌਬਤ ਆ ਗਈ ਹੈ। ਹੁਣ ਇਜ਼ਰਾਈਲੀ ਫੌਜ ਨੇ ਇੱਕ ਨਵਾਂ ਜ਼ੁਲਮ ਸ਼ੁਰੂ ਕੀਤਾ ਹੈ। ਗਾਜ਼ਾ ਵਿੱਚ ਇਸ ਵੇਲੇ ਇੱਕ ਅਮਰੀਕਨ ਸਵੈ ਸੇਵੀ ਸੰਸਥਾ ਰਾਸ਼ਨ ਵੰਡ ਰਹੀ ਹੈ। ਇਜ਼ਰਾਈਲੀ ਫੌਜ ਹਰ ਦੂਸਰੇ ਤੀਸਰੇ ਦਿਨ ਰਾਸ਼ਨ ਲੈਣ ਲਈ ਇਕੱਠੇ ਹੋਏ ਫਸਲਤੀਨੀਆਂ ਨੂੰ ਗੋਲੀਆਂ ਨਾਲ ਭੁੰਨ ਰਹੀ ਹੈ। ਪਿਛਲੇ ਹਫਤੇ ਹੀ ਇਸ ਗੋਲਾਬਾਰੀ ਕਾਰਨ 150 ਦੇ ਕਰੀਬ ਫਲਸਤੀਨੀ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ। ਪਰ ਹੈਰਾਨੀਜਨਕ ਤੌਰ 'ਤੇ ਸਾਊਦੀ ਅਰਬ (ਜੋ ਅਰਬ ਦੇਸ਼ਾਂ ਦਾ ਸਵੈ ਘੋਸ਼ਿਤ ਨੇਤਾ ਹੈ) ਸਮੇਤ ਸਾਰੇ ਅਰਬ ਦੇਸ਼ਾਂ ਨੇ ਇਸ ਜ਼ੁਲਮੋ ਸਿਤਮ ਸਬੰਧੀ ਚੁੱਪ ਧਾਰੀ ਹੋਈ ਹੈ। ਇਰਾਨ ਤੇ ਤੁਰਕੀ, ਜੋ ਅਰਬ ਦੇਸ਼ ਨਹੀਂ ਹਨ, ਤੋਂ ਇਲਾਵਾ ਕਿਸੇ ਇਸਲਾਮੀ ਦੇਸ਼ ਨੇ ਕੋਈ ਖਾਸ ਬਿਆਨ ਤੱਕ ਜਾਰੀ ਨਹੀਂ ਕੀਤਾ। ਪਰ ਅਰਬ ਦੇਸ਼ਾਂ ਦੀ ਜਨਤਾ ਵਿੱਚ ਗਾਜ਼ਾ ਦੇ ਹਾਲਾਤ ਬਾਰੇ ਵਿਆਪਕ ਰੋਸ ਪੱਸਰਿਆ ਹੋਇਆ ਹੈ ਤੇ ਕਈ ਥਾਵਾਂ 'ਤੇ ਵਿਸ਼ਾਲ ਧਰਨੇ ਪ੍ਰਦਰਸ਼ਨ ਵੀ ਹੋਏ ਹਨ। ਜਿਆਦਾਤਰ ਅਰਬ ਦੇਸ਼ਾਂ ਵਿੱਚ ਬਾਦਸ਼ਾਹਾਂ, ਸੁਲਤਾਨਾਂ ਤੇ ਤਾਨਾਸ਼ਾਹਾਂ ਦਾ ਰਾਜ ਹੈ ਜੋ ਅਜਿਹੇ ਪ੍ਰਦਰਸ਼ਨਾਂ ਤੋਂ ਡਰਦੇ ਹਨ ਕਿ ਕਿਤੇ ਜਨਤਾ ਦੇ ਭੜਕੇ ਹੋਏ ਜ਼ਜ਼ਬਾਤ ਉਨ੍ਹਾਂ ਗੱਦੀ ਲਈ ਖਤਰਾ ਨਾ ਬਣ ਜਾਣ। ਇਸ ਕਾਰਨ ਸਾਊਦੀ ਅਰਬ, ਮਿਸਰ, ਜਾਰਡਨ, ਬਹਿਰੀਨ ਅਤੇ ਮੌਰੱਕੋ ਨੇ ਫਲਸਤੀਨ ਪੱਖੀ ਪ੍ਰਦਰਸ਼ਨਾਂ ਨੂੰ ਸਖਤੀ ਨਾਲ ਰੋਕ ਦਿੱਤਾ ਹੈ। ਤਾਨਾਸ਼ਾਹਾਂ ਨੂੰ ਜਨਤਾ ਦੇ ਵਿਰੋਧ ਤੋਂ ਹਮੇਸ਼ਾਂ ਡਰ ਰਹਿੰਦਾ ਹੈ ਚਾਹੇ ਉਹ ਸੜਕਾਂ 'ਤੇ ਹੋਵੇ ਤੇ ਚਾਹੇ ਮੀਡੀਆ ਰਾਹੀਂ। ਅਰਬੀ ਸ਼ਾਸ਼ਕ ਅਲਜੀਰੀਆ, ਲਿਬੀਆ ਅਤੇ ਸੀਰੀਆ ਵਿੱਚ ਅਜਿਹਾ ਵਰਤਾਰਾ ਦੇਖ ਚੁੱਕੇ ਹਨ ਜਿੱਥੇ ਜਨਤਕ ਰੋਹ ਨੇ ਸਥਾਨਕ ਤਾਨਾਸ਼ਾਹਾਂ ਦਾ ਤਖਤਾ ਪਲਟ ਦਿੱਤਾ ਸੀ। ਇਹ ਅਲੱਗ ਗੱਲ ਹੈ ਕਿ ਇਸ ਦੇ ਸਿੱਟੇ ਵਜੋਂ ਲੀਬੀਆ ਅਤੇ ਸੀਰੀਆ ਬਿਲਕੁਲ ਤਬਾਹ ਹੋ ਚੁੱਕੇ ਹਨ। ਅਰਬ ਦੇਸ਼ ਤੇਲ ਦੀ ਦੌਲਤ ਨਾਲ ਮਾਲਾਮਾਲ ਹਨ ਤੇ ਨਾਗਰਿਕਾਂ 'ਤੇ ਟੈਕਸ ਬਹੁਤ ਹੀ ਘੱਟ ਹਨ। ਇੱਕ ਖਾਸ ਪਾਲਸੀ ਤਹਿਤ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਨੇ ਜਨਤਾ ਨੂੰ ਜਾਣ ਬੁੱਝ ਕੇ ਅੱਯਾਸ਼ੀ ਵੱਲ ਧੱਕ ਦਿੱਤਾ ਹੈ। ਉਹ ਚਾਹੁੰਦੇ ਹਨ ਕਿ ਪੈਟਰੋ ਡਾਲਰਾਂ ਨਾਲ ਰੱਜੀ ਜਨਤਾ ਆਪਣਾ ਪੈਸਾ, ਸਮਾਂ ਅਤੇ ਸੋਚ ਜ਼ਿੰਦਗੀ ਦੇ ਮਜ਼ੇ ਲੁੱਟਣ ਵਿੱਚ ਗੁਜ਼ਾਰੇ ਨਾ ਕਿ ਫਲਸਤੀਨ ਵਰਗੇ ਮਸਲਿਆਂ ਵੱਲ ਧਿਆਨ ਦੇਣ ਲਈ, ਅਜਿਹੇ ਕੰਮ ਸਰਕਾਰਾਂ 'ਤੇ ਛੱਡ ਦੇਣੇ ਚਾਹੀਦੇ ਹਨ। ਫਲਸਤੀਨ ਮਸਲੇ ਨੇ ਅਰਬ ਦੇਸ਼ਾਂ ਦੀ ਕਾਇਰਤਾ ਨੂੰ ਜੱਗ ਜਾਹਰ ਕਰ ਦਿੱਤਾ ਹੈ ਕਿ ਉਨ੍ਹਾਂ ਵਿੱਚ ਇਜ਼ਰਾਈਲ ਨਾਲ ਟੱਕਰ ਲੈਣ ਦੀ ਹਿੰਮਤ ਨਹੀਂ ਹੈ। ਕੋਈ ਵੀ ਤਾਨਾਸ਼ਾਹ ਵਿਲਾਸਤਾ ਭਰਪੂਰ ਜ਼ਿੰਦਗੀ ਤਿਆਗ ਕੇ ਜੰਗ ਦੀ ਭੱਠੀ ਵਿੱਚ ਨਹੀਂ ਪੈਣਾ ਚਾਹੁੰਦਾ। ਅਸਲ ਵਿੱਚ ਪਹਿਲਾਂ ਵੀ ਤਿੰਨ ਚਾਰ ਵਾਰ ਇਜ਼ਰਾਈਲ ਅਰਬ ਦੇਸ਼ਾਂ ਦੀਆਂ ਸਾਂਝੀਆਂ ਫੌਜਾਂ ਨੂੰ ਜੰਗਾਂ ਵਿੱਚ ਕਰਾਰੀ ਹਾਰ ਦੇ ਚੁੱਕਾ ਹੈ। ਇਸ ਤੋਂ ਇਲਾਵਾ ਇਜ਼ਰਾਈਲ ਦੇ ਖਿਲਾਫ ਫਲਸਤੀਨੀਆਂ ਦੀ ਮਦਦ ਕਰਨ ਦਾ ਸਿੱਧਾ ਮਤਲਬ ਅਮਰੀਕਾ ਨਾਲ ਸਬੰਧ ਵਿਗਾੜਨਾ ਹੋਵੇਗਾ ਜਿਸ 'ਤੇ ਅਰਬ ਦੇਸ਼ ਆਪਣੀ ਸੁਰੱਖਿਆ ਲਈ ਸ਼ਤ ਪ੍ਰਤੀਸ਼ਤ ਨਿਰਭਰ ਹਨ। ਇਨ੍ਹਾਂ ਦੇਸ਼ਾਂ ਨੂੰ ਪਤਾ ਹੈ ਕਿ ਇਜ਼ਰਾਈਲ ਅਮਰੀਕਾ ਦੇ ਇੱਕ ਇਸ਼ਾਰੇ 'ਤੇ ਕਿਸੇ ਵੀ ਗੁਆਂਢੀ ਦੇਸ਼ ਦੀ ਧੌਣ ਮਰੋੜ ਸਕਦਾ ਹੈ। ਗਾਜ਼ਾ ਦੀ ਜੰਗ ਦਾ ਹਰੇਕ ਦਿਨ ਅਰਬ ਦੇਸ਼ਾਂ 'ਤੇ ਭਾਰੀ ਪੈ ਰਿਹਾ ਹੈ ਕਿਉਂਕਿ ਉਨ੍ਹਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਜਨ ਅਕ੍ਰੋਸ਼ ਵਧਦਾ ਜਾ ਰਿਹਾ ਹੈ। ਇਸ ਮਜ਼ਬੂਰੀ ਕਾਰਨ ਅਰਬ ਦੇਸ਼ ਗਾਜ਼ਾ ਜੰਗ ਨੂੰ ਰੋਕਣ ਅਤੇ ਆਪਣੀਆਂ ਗੱਦੀਆਂ ਬਚਾਉਣ ਲਈ ਅਮਰੀਕਾ ਨੂੰ ਅਪੀਲਾਂ ਕਰ ਰਹੇ ਹਨ, ਉਨ੍ਹਾਂ ਨੂੰ ਫਲਸਤੀਨੀਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਜਨਤਾ ਸਵਾਲ ਕਰਨ ਲੱਗ ਪਈ ਹੈ ਕਿ ਜਿਹੜੇ ਅਰਬ ਦੇਸ਼ ਹਰ ਸਾਲ ਅਮਰੀਕਾ ਤੋਂ ਅਰਬਾਂ ਡਾਲਰ ਦੇ ਹਥਿਆਰ ਖਰੀਦਦੇ ਹਨ, ਉਹ ਫਲਸਤੀਨੀਆਂ ਨੂੰ ਇੱਕ ਗੋਲੀ ਤੱਕ ਦੀ ਮਦਦ ਵੀ ਨਹੀਂ ਦੇ ਸਕੇ। ਯੂਨਾਈਟਡ ਅਰਬ ਅਮੀਰਾਤ, ਬਹਿਰੀਨ ਅਤੇ ਮੌਰੱਕੋ ਵਰਗੇ ਦੇਸ਼ ਜਿਨ੍ਹਾਂ ਨੇ ਅਮਰੀਕਾ ਦੇ ਦਬਾਅ ਹੇਠ ਇਜ਼ਰਾਈਲ ਨਾਲ ਕੂਟਨੀਤਕ ਸਬੰਧ ਸਥਾਪਿਤ ਕਰ ਲਏ ਸਨ, ਹੁਣ ਫਸੇ ਹੋਏ ਮਹਿਸੂਸ ਕਰ ਰਹੇ ਹਨ। ਇਸ ਤੋਂ ਇਲਾਵਾ ਇੱਕ ਹੋਰ ਮੁੱਦਾ ਵੀ ਅਰਬ ਦੇਸ਼ਾਂ ਲਈ ਮੁਸੀਬਤ ਦਾ ਕਾਰਨ ਬਣ ਸਕਦਾ ਹੈ। ਫਲਸਤੀਨ ਪੱਖੀ ਪ੍ਰਦਰਸ਼ਨ ਕੱਟੜ ਮੁਲਾਣਿਆਂ ਦੀ ਅਗਵਾਈ ਹੇਠ ਹੋ ਰਹੇ ਹਨ ਜੋ ਅਰਬੀ ਤਾਨਾਸ਼ਾਹਾਂ ਦੇ ਕੱਟੜ ਵਿਰੋਧੀ ਹਨ। ਜੇ ਕਿਤੇ ਇਨ੍ਹਾਂ ਤਾਨਾਸ਼ਾਹਾਂ ਦੀ ਹਕੂਮਤ ਖਤਮ ਹੋਈ ਤਾਂ ਲੋਕਤੰਤਰ ਦੀ ਬਜਾਏ ਇਹ ਦੇਸ਼ ਸੀਰੀਆ ਅਤੇ ਇਰਾਨ ਵਾਂਗ ਕੱਟੜਪੰਥੀਆਂ ਦੇ ਕਬਜ਼ੇ ਹੇਠ ਆ ਜਾਣਗੇ।

ਫਲਸਤੀਨ ਵਾਂਗ ਇਰਾਨ ਅਤੇ ਇਜ਼ਰਾਈਲ ਦਰਮਿਆਨ ਚੱਲ ਰਹੇ ਘਮਸਾਣ ਵਿੱਚ ਵੀ ਕੋਈ ਅਰਬ ਦੇਸ਼ ਇਰਾਨ ਦੀ ਮਦਦ ਨਹੀਂ ਕਰ ਰਿਹਾ, ਸਿਰਫ ਬਿਆਨ ਦੇ ਕੇ ਖਾਨਾਪੂਰਤੀ ਕਰ ਰਹੇ ਹਨ। ਅਸਲ ਵਿੱਚ ਇਰਾਨ ਨਾ ਤਾਂ ਅਰਬ ਦੇਸ਼ ਹੈ ਤੇ ਨਾ ਹੀ ਸੁੰਨੀ। ਉਹ ਆਪਣੇ ਆਪ ਨੂੰ ਆਰੀਅਨ ਮੂਲ ਦਾ ਸਮਝਦਾ ਹੈ ਤੇ ਇਥੇ ਇਸਲਾਮ ਦੀ ਸ਼ੀਆ ਸ਼ਾਖਾ ਦਾ ਬੋਲ ਬਾਲਾ ਹੈ। ਸਾਊਦੀ ਅਰਬ ਅਤੇ ਇਰਾਨ ਦੇ ਸਬੰਧ ਬਾਦਸ਼ਾਹ ਸ਼ਾਹ ਰਜ਼ਾ ਪਹਿਲਵੀ (ਰਾਜ 1941 ਤੋਂ 1979) ਦੇ ਸਮੇਂ ਬਹੁਤ ਵਧੀਆ ਸਨ। 1979 ਵਿੱਚ ਇਰਾਨ ਵਿੱਚ ਇਸਲਾਮਿਕ ਕ੍ਰਾਂਤੀ ਹੋ ਗਈ ਤੇ ਸ਼ਾਹ ਦਾ ਤਖਤਾ ਪਲਟ ਕੇ ਆਯਤਉੱਲਾ ਖੋਮੇਨੀ ਇਰਾਨ ਦਾ ਸੁਪਰੀਮ ਲੀਡਰ ਬਣ ਗਿਆ। ਗੱਦੀ ਸੰਭਾਲਦੇ ਸਾਰ ਖੋਮੇਨੀ ਨੇ ਸਾਰੇ ਮੁਸਲਿਮ ਦੇਸ਼ਾਂ ਦੀ ਜਨਤਾ ਨੂੰ ਸੱਦਾ ਦਿੱਤਾ ਕਿ ਬਾਦਸ਼ਾਹਾਂ ਤੇ ਤਾਨਾਸ਼ਾਹਾਂ ਦਾ ਤਖਤਾ ਪਲਟ ਕੇ ਹਰ ਦੇਸ਼ ਵਿੱਚ ਇਸਲਾਮੀ ਰਾਜ ਕਾਇਮ ਕੀਤਾ ਜਾਵੇ। ਇਸ ਕਾਰਨ ਅਰਬ ਦੇਸ਼ਾਂ ਵਿੱਚ ਭੈਅ ਦਾ ਮਾਹੌਲ ਬਣ ਗਿਆ ਤੇ ਉਨ੍ਹਾਂ ਨੇ ਇਰਾਨ ਤੋਂ ਦੂਰੀ ਬਣਾਉਣ ਵਿੱਚ ਹੀ ਭਲਾਈ ਸਮਝੀ। 4 ਨਵੰਬਰ 1979 ਨੂੰ ਆਯਤਉੱਲਾ ਖੋਮੇਨੀ ਪੱਖੀ ਵਿਦਿਆਰਥੀਆਂ ਨੇ ਤਹਿਰਾਨ ਸਥਿੱਤ ਅਮਰੀਕੀ ਦੂਤਘਰ 'ਤੇ ਕਬਜ਼ਾ ਕਰ ਕੇ ਅਧਿਕਾਰੀਆਂ ਨੂੰ ਬੰਧਕ ਬਣਾ ਲਿਆ। ਲੱਖ ਯਤਨ ਕਰਨ ਦੇ ਬਾਵਜੂਦ ਵੀ ਅਮਰੀਕਾ ਆਪਣੇ ਬੰਧਕ ਨਾ ਛੁਡਾ ਸਕਿਆ ਤੇ ਅਖੀਰ 20 ਜਨਵਰੀ 1981 ਵਾਲੇ ਦਿਨ ਉਸ ਨੂੰ ਇਰਾਨ ਦੀਆਂ ਮੰਗਾਂ ਮੰਨਣੀਆਂ ਪਈਆਂ। ਇਸ ਕਾਰਨ ਇਰਾਨ ਦੀ ਅਮਰੀਕਾ ਨਾਲ ਵੀ ਕੱਟੜ ਦੁਸ਼ਮਣੀ ਸ਼ੁਰੂ ਹੋ ਗਈ ਜੋ ਅੱਜ ਤੱਕ ਜਾਰੀ ਹੈ। ਅਮਰੀਕਾ ਅਤੇ ਅਰਬ ਦੇਸ਼ਾਂ ਦੀ ਸ਼ਹਿ 'ਤੇ 22 ਸਤੰਬਰ 1980 ਨੂੰ ਇਰਾਕ ਦੇ ਰਾਸ਼ਟਰਪਤੀ ਸਦਾਮ ਹੁਸੈਨ ਨੇ ਇਰਾਨ 'ਤੇ ਹਮਲਾ ਕਰ ਦਿੱਤਾ। ਅਮਰੀਕਾ ਅਤੇ ਅਰਬ ਦੇਸ਼ਾਂ ਤੋਂ ਮਿਲੀ ਭਾਰੀ ਆਰਥਿਕ ਤੇ ਸੈਨਿਕ ਮਦਦ ਦੇ ਬਾਵਜੂਦ ਇਰਾਕ ਸ਼ੁਰੂਆਤੀ ਬੜਤ ਕਾਇਮ ਨਾ ਰੱਖ ਸਕਿਆ ਤੇ ਲੜਾਈ ਫਸ ਗਈ। ਹੌਲੀ ਹੌਲੀ ਧਾਰਮਿਕ ਜੋਸ਼ ਨਾਲ ਲੜ ਰਹੀ ਇਰਾਨੀ ਫੌਜ ਨੇ ਆਪਣੇ ਸਾਰੇ ਇਲਾਕੇ ਵਾਪਸ ਲੈ ਲਏ ਤੇ ਇਰਾਕ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਆਖਰ ਯੂ.ਐਨ.ਉ. ਦੇ ਦਖਲ ਨਾਲ 20 ਅਗਸਤ 1988 ਨੂੰ ਇਹ ਜੰਗ ਬੰਦ ਹੋਈ। ਖੋਮੇਨੀ ਸਾਊਦੀ ਅਰਬ ਦੇ ਸ਼ਾਹੀ ਘਰਾਣੇ ਨੂੰ ਸ਼ੈਤਾਨ ਦੇ ਪੁੱਤਰ ਕਹਿੰਦਾ ਹੁੰਦਾ ਸੀ। ਉਹ ਚਾਹੁੰਦਾ ਸੀ ਕਿ ਮੱਕਾ ਮਦੀਨਾ ਸਥਿੱਤ ਇਸਲਾਮਿਕ ਧਾਰਮਿਕ ਸਥਾਨਾਂ 'ਤੇ ਸਾਰੇ ਮੁਸਲਿਮ ਦੇਸ਼ਾਂ ਦਾ ਬਰਾਬਰ ਅਧਿਕਾਰ ਹੋਵੇ। 1987 ਵਿੱਚ ਇਰਾਨ ਤੋਂ ਗਏ ਹਾਜ਼ੀਆਂ ਨੇ ਕਾਅਬਾ 'ਤੇ ਕਬਜ਼ਾ ਕਰ ਲਿਆ। ਸਾਊਦੀ ਪੁਲਿਸ ਨਾਲ ਹੋਈ ਲੜਾਈ ਵਿੱਚ 275 ਇਰਾਨੀ, 85 ਪੁਲਿਸ ਵਾਲੇ ਤੇ 42 ਹੋਰ ਦੇਸ਼ਾਂ ਦੇ ਹਾਜ਼ੀ ਮਾਰੇ ਗਏ ਪਰ ਕਬਜ਼ਾ ਛੁਡਾ ਲਿਆ ਗਿਆ। ਇਸ ਤੋਂ ਇਲਾਵਾ ਸੀਰੀਆ, ਯਮਨ, ਬਹਿਰੀਨ, ਲੈਬਨਾਨ ਅਤੇ ਇਰਾਕ ਵਿੱਚ ਹੋਈਆਂ ਸਿਵਲ ਜੰਗਾਂ ਸਮੇਂ ਸਾਊਦੀ ਅਰਬ ਅਤੇ ਇਰਾਨ ਇੱਕ ਦੂਸਰੇ ਦੇ ਵਿਰੋਧ ਵਿੱਚ ਖੜ੍ਹੇ ਨਜ਼ਰ ਆਏ ਸਨ। ਪਰ ਪਿਛਲੇ ਕੁਝ ਸਾਲਾਂ ਤੋਂ ਦੋਵੇਂ ਦੇਸ਼ ਨਜ਼ਦੀਕ ਆਉਣ ਲੱਗ ਪਏ ਹਨ। ਚੀਨ ਦੀ ਵਿਚੋਲਗੀ ਕਾਰਨ 10 ਮਾਰਚ 2023 ਨੂੰ ਦੋਵਾਂ ਦਰਮਿਆਨ ਇੱਕ ਸੰਧੀ ਹੋ ਗਈ ਤੇ ਇਰਾਨ ਨੇ ਸਾਊਦੀ ਅਰਬ ਦੀ ਮੁੱਖ ਮੰਗ ਮੰਨ ਲਈ ਕਿ ਉਹ ਹਾਊਥੀ ਬਾਗੀਆਂ ਨੂੰ ਹਥਿਆਰ ਨਹੀਂ ਦੇਵੇਗਾ। ਦੋਵਾਂ ਦੇਸ਼ਾਂ ਨੇ ਇੱਕ ਦੂਸਰੇ ਅੰਦਰ ਆਪਣੇ ਦੂਤਘਰ ਖੋਲ੍ਹ ਲਏ ਤੇ ਵਪਾਰ ਵੀ ਸ਼ੁਰੂ ਹੋ ਗਿਆ। ਪਰ ਹੁਣ ਅਰਬ ਦੇਸ਼ ਇਰਾਨ ਦੀਆਂ ਵਾਰ ਵਾਰ ਅਪੀਲਾਂ ਦੇ ਬਾਵਜੂਦ ਇਜ਼ਰਾਈਲ ਅਤੇ ਅਮਰੀਕਾ ਦੇ ਡਰੋਂ ਉਸ ਨੂੰ ਕੋਈ ਫੌਜੀ ਸਹਾਇਤਾ ਨਹੀਂ ਦੇ ਰਹੇ ਹਨ।



# ਯੁੱਧ ਵਿਰਾਮ ਬਨਾਮ ਅਮਰੀਕਾ ਦੀ ਸਰਪੰਚੀ



ਜਗਤਾਰ ਲਾਡੀ ਮਾਨਸਾ
9463603091

ਯੁੱਧ ਅਤੇ ਸੰਘਰਸ਼ ਮਨੁੱਖਤਾ ਦੇ ਇਤਿਹਾਸ ਵਿਚ ਨਵਾਂ ਨਹੀਂ। ਇਨਸਾਨੀ ਸਮਾਜ ਦੀ ਰਚਨਾ ਤੋਂ ਲੈ ਕੇ ਅੱਜ ਤੱਕ ਅਨੇਕਾਂ ਲੜਾਈਆਂ ਲੜੀਆਂ ਗਈਆਂ ਹਨ। ਜਦੋਂ ਇਹ ਲੜਾਈਆਂ ਖੂਨਖ਼ਰਾਬੇ, ਤਬਾਹੀ ਅਤੇ ਨਿਰਦੋਸ਼ ਜਾਨਾਂ ਦੀ ਬਲੀ ਦੀ ਹੱਦ ਤੱਕ ਪਹੁੰਚਦੀਆਂ ਹਨ, ਤਾਂ ਇਹਨਾਂ ਨੂੰ ਰੋਕਣ ਲਈ ਯੁੱਧ ਵਿਰਾਮ (Ceasefire) ਜੇਹੇ ਹੱਥਕੰਡੇ ਵਰਤੇ ਜਾਂਦੇ ਹਨ। ਪਰ ਇਸ ਦੇ ਉਲਟ, ਕੁਝ ਵਿਸ਼ਵ ਤਾਕਤਾਂ, ਵਿਸ਼ੇਸ਼ ਕਰਕੇ ਅਮਰੀਕਾ, ਸੰਘਰਸ਼ ਨੂੰ ਖਤਮ ਕਰਨ ਦੀ ਥਾਂ, ਆਪਣੇ ਰਾਜਨੀਤਿਕ ਅਤੇ ਆਰਥਿਕ ਹਿੱਤਾਂ ਵਾਸਤੇ ਦਖਲਅੰਦਾਜ਼ੀ ਕਰਦੀਆਂ ਹਨ ।ਮਤਲਬ ਕਿਸੇ ਪਿੰਡ ਦੇ ਮਤਲਬੀ ਸਰਪੰਚ ਵਾਂਗ ਪਹਿਲਾਂ ਸਿੰਗ ਫਸਾਉਣ ਦੀ ਨੀਤੀ ਫਿਰ ਸਮਝੋਤੇ ਦੀ ਨੀਤੀ ਅਪਣਾਉਂਦੇ ਹਨ।

ਲੇਖ ਲਿਖਣ ਦਾ ਮਤਲਬ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਯੁੱਧ ਵਿਰਾਮ ਅਤੇ ਅਮਰੀਕੀ ਦਖਲਅੰਦਾਜ਼ੀ ਇੱਕ-ਦੂਜੇ ਦੇ ਵਿਰੋਧੀ ਕਿਵੇਂ ਹਨ, ਅਮਰੀਕਾ ਦੀ ਦਖਲਅੰਦਾਜ਼ੀ ਦੀ ਵਿਧੀ, ਉਸ ਦੇ ਨਤੀਜੇ, ਕੁਝ ਮੁੱਖ ਕੇਸ ਸਟੱਡੀਆਂ, ਅਤੇ ਇਸ ਸਬੰਧੀ ਰਾਜਨੀਤਿਕ, ਆਰਥਿਕ ਤੇ ਨੈਤਿਕ ਪੱਖਾਂ ਦੀ ਗਹਿਰਾਈ ਨਾਲ ਜਾਂਚਕਰਨੀ ਜ਼ਰੂਰੀ ਹੋ ਜਾਂਦੀ ਹੈ। ਕਿਵੇਂ ਤਕੜਾ ਬੰਦਾ ਦੁਨੀਆਂ ਨੂੰ ਆਪਣੇ ਹਿਤਾਂ ਲਈ ਆਪਣੇ ਅਨੁਸਾਰ ਚਲਾਉਂਦਾ ਹੈ।

ਯੁੱਧ ਵਿਰਾਮ ਦੇਜੇਕਰ ਅਰਥ ਅਤੇ ਮਕਸਦ ਪਰਿਭਾਸ਼ਾ ਦੀ ਗੱਲ ਕਰੀਏ ਤਾਂ ਯੁੱਧ ਵਿਰਾਮ ਇੱਕ ਅਜਿਹਾ ਸਥਿਤੀ ਹੁੰਦੀ ਹੈ ਜਿੱਥੇ ਦੁਸ਼ਮਣ ਧਿਰਾਂ ਆਪਸੀ ਸਹਿਮਤੀ ਨਾਲ ਲੜਾਈ ਰੋਕਣ ਦਾ ਐਲਾਨ ਕਰਦੀਆਂ ਹਨ। ਇਹ ਇੱਕ ਅਸਥਾਈ ਰਾਹਤ ਹੁੰਦੀ ਹੈ। ਜੋ ਅਕਸਰ ਮੁਜ਼ਾਹਰਿਆਂ, ਸਮਝੌਤਿਆਂ ਜਾਂ ਅੰਤਰਰਾਸ਼ਟਰੀ ਦਬਾਅ ਦੇ ਕਾਰਨ ਹੁੰਦੀ ਹੈ।

**ਲਕੜੀ ਦੇ ਪੂਲ ਵਾਂਗ ਸਮਝੌਤਾ**

ਇਹ ਵਿਸ਼ਵਾਸ ਤੇ ਅਧਾਰਤ ਹੁੰਦਾ ਹੈ। ਕਿ ਦੋਵੇਂ ਦੇਸ਼ ਲੜਾਈ ਛੱਡ ਦੇਣਗੇ ਜਾਂ ਰੋਕ ਦੇਣਗੇ ਤੇ ਨੁਕਸਾਨ ਰੁਕ ਜਾਵੇਗਾ। ਪਰ ਅਕਸਰ ਦੇਖਿਆ ਗਿਆ ਹੈ ਕਿ ਇਹ ਸਮਝੌਤੇ ਠੀਕ ਤਰੀਕੇ ਨਾਲ ਲਾਗੂ ਨਹੀਂ ਹੁੰਦੇ।ਜਾ ਤਾਂ ਤਕੜਾ ਧੱਕਾ ਕਰ ਰਿਹਾ ਹੁੰਦਾ ਹੈ ਜਾ ਹਮੇਸ਼ਾ ਇੱਕ ਧਿਰ ਨੂੰ ਲਾਭ ਤੇ ਦੂਜੇ ਨੂੰ ਹਾਨੀ ਹੋਣ ਦਾ ਡਰ ਹੁੰਦਾ ਹੈ।

ਮਕਸਦ ਤਾਂ ਸਭ ਤੋਂ ਪਹਿਲਾਂ ਹਿੰਸਾ ਰੋਕਣ ਤੇ ਮਾਨਵਿਕ ਸਹਾਇਤਾ ਲਾਗੂ ਕਰਨਾ ਤੇ ਲੋਕਾਂ ਦੇ ਜਾਨਮਾਲ ਦੀ ਰੱਖਿਆ ਜਾ ਫਿਰ ਗੱਲਬਾਤ ਦੀ ਸ਼ੁਰੂਆਤ ਕਰਨਾ ਹੁੰਦਾ ਹੈ ਕਿ ਮਸਲਾ ਗੱਲਬਾਤ ਰਾਹੀਂ ਨਿਬੜ ਜਾਵੇ। ਕੋਈ ਸੰਭਾਵਿਤ ਹੱਲ ਵੱਲ ਪਹਲਾ ਕਦਮ ਵਧਾਇਆ ਜਾਵੇ।

ਅਮਰੀਕਾ ਜੋਂ ਕਿ ਪਿਛਲੇ ਸੌ ਸਾਲ ਤੋਂ ਗਲੋਬਲ ਪਿੰਡ ਦਾ ਸਰਪੰਚ ਬਣਿਆ ਹੋਇਆ ਹੈ ਦੀ ਦਖਲਅੰਦਾਜ਼ੀ ਆਮ ਗੱਲ ਹੈ। ਉਹ ਕਿਹੜੀ ਗਲੀ ਜਿੱਥੇ ਭਾਗੋ ਨੀ ਖੜ੍ਹੀ। ਵਾਂਗ ਇਸ ਦਾ ਨਾਂ ਜ਼ਰੂਰ ਬੋਲਦਾ ਹੈ। ਤੂੰ ਬੋਲਦੀ ਰਕਾਨੇ ਤੂੰ ਬੋਲਦੀ ਤੇਰੇ ਵਿੱਚ ਤੇਰਾ ਯਾਰ ਬੋਲਦਾ।

ਜੇਕਰ ਇਤਿਹਾਸਕ ਪਿਛੋਕੜ ਫਰੋਲ ਕੇ ਦੇਖੀਏ ਤਾਂ ਅਮਰੀਕਾ ਨੇ ਵਿਦੇਸ਼ ਨੀਤੀ ਅਤੇ ਮਹਾਸੱਤਾ1945 ਤੋਂ ਬਾਅਦ,ਆਪਣੇ ਆਪ ਨੂੰ ਵਿਸ਼ਵ ਦੀ ਮੁਕਤਿ ਦਾਤਾ ਅਤ ਲਿਬਰਲ ਲੋਕਤੰਤਰ ਦਾ ਰਖਵਾਲਾ ਅਲੰਬਰਦਾਰ ਘੋਸ਼ਿਤ ਕੀਤਾ ਹੋਇਆ ਹੈ। ਪਰ ਇਹ ਅਲੰਬਰਦਾਰੀ ਰਾਜਨੀਤਿਕ ਅਤੇ ਆਰਥਿਕ ਲਾਭਾਂ ਨਾਲ ਭਰਪੂਰ ਸੀ।ਮਤਲਬ ਜਿੱਥੇ ਕਿਤੇ ਇਸ ਨੂੰ ਰਾਜਨੀਤਕ, ਆਰਥਿਕ ਲਾਭ ਨਜ਼ਰੀਂ ਪੈਂਦਾ ਹੈ।ਉਥੇ ਇਹ ਪਹੁੰਚ ਜਾਂਦਾ ਹੈ।ਨਾ ਹੀ ਸਰਪੰਚ ਸਾਹਿਬ ਇਹ ਚਾਹੁੰਦੇ ਨੇ ਕਿ ਕੋਈ ਇਹਨਾਂ ਦੇ ਬਰਾਬਰ ਖੜ੍ਹਾ ਹੋਵੇ। ਆਪਸੀ ਲੜਾਈ ਰੱਖਣਾ ਦੁਨੀਆਂ ਦੇ ਹੀਲੇ ਵਸੀਲੇ ਉਪਰ ਆਪਣੀ ਚੌਧਰ ਕਾਇਮ ਰੱਖਣੀ ਹੀ ਮਕਸਦ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ , ਵਿਸ਼ਵ ਬੈਂਕ,ਤੇ ਹੋਰ ਸੰਸਥਾਵਾਂ ਵਿੱਚ ਪੱਕੀ ਪਕੜ ਵੀ ਇਸੇ ਦਾ ਹਿੱਸਾ ਹਨ।



ਹੁਣ ਸੁਆਲ ਹੈ ਕਿਵੇਂ ਕੀਤੀ ਜਾਵੇ ਤਾਂ ਗਲੋਬਲ ਪਿੰਡ ਦੇ ਲੋਕ ਸੌਖੀ ਰੋਟੀ ਨਾ ਖਾ ਲੈਣ ।ਦਖਲਅੰਦਾਜ਼ੀ ਦੇ ਰੂਪ ਫੌਜੀ ਹਸਤਕਸ਼ੇਪ (ਉਦਾਹਰਣ: ਅਫਗਾਨਿਸਤਾਨ, ਇਰਾਕ ਤੇ ਬਹੁਤ ਸਾਰੇ ਹੋ ਦੇਸ਼ ਜਿੰਨ੍ਹਾਂ ਨੂੰ ਫੌਜੀ ਸਹਾਇਤਾ ਦੇ ਕੇ ਪੂੰਛ ਨੂੰ ਅੱਗ ਲਾਈ ਰੱਖਣੀ ਹੈ। ਹਥਿਆਰਾਂ ਦੀ ਸਪਲਾਈ (ਉਦਾਹਰਣ: ਇਜ਼ਰਾਈਲ, ਯੂਕਰੇਨ ਤੇ ਪਾਕਿਸਤਾਨ ਆਦਿ। ਅਰਥਿਕ ਪਾਬੰਦੀਆਂ (ਉਦਾਹਰਣ: ਇਰਾਨ, ਵੈਨੇਜ਼ੂਏਲਾ ਇ ਹਨਾਂ ਪਾਬੰਦੀਆਂ ਨਾਲ ਅਗਲੇ ਦਾ ਹੁੱਕਾ ਪਾਣੀ ਮਤਲਬ ਵਣਜ ਵਪਾਰ ਬੰਦ ਕਰਵਾ ਦੇਣਾ ਮਕਸਦ ਹੈ। ਸਿਫ਼ਾਰਤੀ ਦਬਾਅ ਮਤਲਬ ਕੂਟਨੀਤਕ ਦਬਾਅ ਅਤੇ ਸਾਈਬਰ ਹਮਲੇ ਅਤੇ ਗੁਪਤ ਐਜੰਸੀਆਂ ਰਾਹੀਂ ਦਖਲਅੰਦਾਜ਼ੀ ਕਰਵਾਕੇ ਆਪਣਾ ਉੱਲੂ ਸਿੱਧਾ ਕਰਨਾ ਸਰਪੰਚ ਸਾਹਿਬ ਦੇ ਕੰਮ ਨੇ।

ਯੁੱਧ ਵਿਰਾਮ ਸ਼ਾਂਤੀ ਵੱਲ, ਵਿਕਾਸ ਵੱਲ, ਭਾਈਚਾਰੇ ਵੱਲ ,ਮਾਨਵਿਕਤਾ ਵਧਾਉਣ ਵਾਲਾ ਕਦਮ ਹੁੰਦਾ ਹੈ, ਉਥੇ ਅਮਰੀਕਾ ਦੀ ਦਖਲਅੰਦਾਜ਼ੀ ਆਪਣੀ ਹਿੱਤਪੂਰਕ ਰਾਜਨੀਤੀ ਚਲਾਉਣ ਦਾ ਜ਼ਰੀਆ ਬਣਦੀ ਹੈ।

ਜਿਸ ਵਿੱਚ ਨਿਰਪੱਖਤਾ ਦੀ ਕਮੀ ਹੁੰਦੀ ਹੈ। ਅਮਰੀਕਾ ਆਮ ਤੌਰ 'ਤੇ ਕਿਸੇ ਇੱਕ ਧਿਰ ਨੂੰ ਹਥਿਆਰ ਜਾਂ ਰਾਜਨੀਤਿਕ ਮੱਦਦ ਦੇ ਕੇ ਯੁੱਧ ਵਿਰਾਮ ਦੀ ਸੰਭਾਵਨਾ ਨੂੰ ਮਾਰ ਦਿੰਦਾ ਹੈ।ਮਤਲਬ ਯੁੱਧ ਨੂੰ ਲੰਮੇ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਫਿਰ ਯੁੱਧ ਵਿਰਾਮ ਵਿੱਚੋਂ ਖੁਦ ਲਈ ਕੁਝ ਖੱਟਣ ਦੀ ਕੋਸ਼ਿਸ਼ ਕਰਦਾ ਹੈ ਜਿਵੇਂ ਯੁਕਰੇਨ ਦਾ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਸੀ ।ਅਸਲ ਵਿੱਚ ਸਰਪੰਚ ਸਾਹਿਬ ਦੀ ਨਿਗਾ ਅਗਲੇ ਦੇ ਕੁਦਰਤੀ ਸਾਧਨਾਂ ਤੇ ਹੁੰਦੀ ਹੈ ।ਜਿਵੇਂ:

ਇਜ਼ਰਾਈਲ-ਫਲਸਤੀਨ,
ਯੂਕਰੇਨ-ਰੂਸ,
ਸਾਊਦੀ ਅਰਬ-ਯਮਨ, ਸਮਝੌਤੇ ਆਦਿ

ਯੁੱਧ ਵਧਾਉਣ ਵਾਲੀ ਸਾਜ਼ਿਸ਼ ਕਰਕੇ

ਜਿਥੇ ceasefire ਲੜਾਈ ਨੂੰ ਰੋਕਣ ਦੀ ਕੋਸ਼ਿਸ਼ ਹੁੰਦੀ ਹੈ, ਉਥੇ ਅਮਰੀਕਾ ਦੀ ਹਥਿਆਰ ਸਪਲਾਈ ਲੜਾਈ ਨੂੰ ਲੰਬਾ ਕਰ ਦਿੰਦੀ ਹੈ। ਇਹ ਸਿੱਧਾ ਤੌਰ 'ਤੇ ਹਥਿਆਰ ਉਦਯੋਗ, ਨਫੇ, ਅਤੇ ਰਾਜਨੀਤਿਕ ਰੌਲੇ ਗੌਲੇ ਨਾਲ ਜੁੜੀ ਹੋਈ ਹੈ।

**ਅਮਰੀਕੀ ਦਖਲਅੰਦਾਜ਼ੀ: ਕੁਝ ਪ੍ਰਮੁੱਖ ਮਾਮਲੇ ਜੇਕਰ ਦੇਖੀਏ ਤਾਂ**

ਵਿਯਤਨਾਮ ਯੁੱਧ (1955-1975)ਅਮਰੀਕਾ ਨੇ ਦੱਖਣੀ ਵਿਯਤਨਾਮ ਦੀ ਮਦਦ ਕੀਤੀ। ਇਸ ਯੁੱਧ ਨੇ 30 ਲੱਖ ਤੋਂ ਵੱਧ ਵਿਅਕਤੀਆਂ ਦੀ ਜਾਨ ਲਈ। ceasefire ਦੀਆਂ ਕੋਸ਼ਿਸ਼ਾਂ ਨੂੰ ਅਮਰੀਕਾ ਨੇ ਰੋਕਿਆ, ਹਥਿਆਰਾਂ ਦੀ ਭਾਰੀ ਸਪਲਾਈ ਕੀਤੀ।




**ਅਫਗਾਨਿਸਤਾਨ** (2001-2021)

20 ਸਾਲਾਂ ਦੀ ਲੰਬੀ ਜੰਗ, ਤਾਲਿਬਾਨ ਦੇ ਵਿਰੋਧ 'ਚ ਅਮਰੀਕਾ ਨੇ ਦਖਲ ਦਿੱਤਾ। ਅਖੀਰ ਵਿੱਚ, ਜਦ ਅਮਰੀਕਾ ਨੇ ਨਿਕਾਸ ਕੀਤਾ, ਤਾਲਿਬਾਨ ਨੇ ਤੁਰੰਤ ਕੰਟਰੋਲ ਸੰਭਾਲ ਲਿਆ। ਇਹ ceasefire ਜਾਂ ਸਥਿਰਤਾ ਦੀ ਨਿਸ਼ਾਨੀ ਨਹੀਂ, ਸਗੋਂ ਅਸਫਲ ਦਖਲਅੰਦਾਜ਼ੀ ਸੀ।

**ਇਰਾਕ** (2003 **ਤੋਂ ਬਾਅਦ**)

ਸਦਾਮ ਹੁਸੈਨ ਦੇ ਖ਼ਲਾਫ਼ ਕਾਰਵਾਈ, ਬਿਨਾ ਸਬੂਤਾਂ ਦੇ ਹਮਲੇ ਕਰਕੇ ਹਜ਼ਾਰਾਂ ਲੋਕ ਮਾਰ ਦਿੱਤੇ ਗਏ। ਅਮਰੀਕਾ ਨੇ ਯੁੱਧ ਰੋਕਣ ਦੀ ਥਾਂ, ਦੁਸ਼ਮਣੀ ਵਧਾਈ।

ਸੀਰੀਆ ਮਾਮਲੇ ਵਿਚ ਵੀ ਅਮਰੀਕਾ ਨੇ ਇਕ ਪਾਸਾ ਲੈ ਕੇ ਰੂਸ ਵਿਰੁੱਧ ਮੋਹਰਾ ਬਣਾਇਆ। ceasefire ਦੀ ਕੋਸ਼ਿਸ਼ਾਂ ਸਿਰਫ਼ ਸੰਯੁਕਤ ਰਾਸ਼ਟਰ ਦੀ ਸਰਹੱਦਾਂ ਤੱਕ ਸੀਮਿਤ ਰਹੀਆਂ।

**ਯੂਕਰੇਨ-ਰੂਸ ਯੁੱਧ** (2022 **ਤੋਂ**)

ਯੂਕਰੇਨ ਨੂੰ ਹਥਿਆਰ, ਰਾਜਨੀਤਿਕ ਮੱਦਦ ਦੇ ਕੇ ਅਮਰੀਕਾ ਨੇ ceasefire ਦੀ ਸੰਭਾਵਨਾ ਨੂੰ ਦੂਰ ਧੱਕਿਆ। ਰੂਸ ਵਲੋਂ ਵੀ ਜਵਾਬੀ ਹਮਲੇ ਹੋਏ। ਲੜਾਈ ਲੰਬੀ ਅਤੇ ਬੇਅੰਤ ਹੋ ਗਈ। ਅਣਗਿਣਤ ਲੋਕ ਮਾਰੇ ਗਏ। ਹੱਲ ਕੋਈ ਨਹੀਂ ਲੱਭਿਆ। ceasefire ਅਸਫਲ ਹੋ ਜਾਂਦੇ ਹਨ ਜਦੋਂ ਅਮਰੀਕਾ ਦਖਲ ਕਰਦਾ ਹੈ ?ਲੜਾਈ ਨੂੰ ਇਕ ਪਾਸਾ ਮਿਲਦਾ ਹੈ - ਨਿਰਪੱਖਤਾ ਤੁੱਟ ਜਾਂਦੀ ਹੈ। ਅਮਰੀਕਾ ਦਾ ਉਦੇਸ਼ ਹੀ ਆਪਣੇ ਹਿਤਾਂ ਲਈ ਕੁਝ ਤਲਾਸ਼ਣਾ ਹੁੰਦਾ ਹੈ।

ਅਮਰੀਕਾ ਹਥਿਆਰਾਂ ਦੀ ਭਰਮਾਰ ਰੱਖਦਾ ਹੈ ਜਿਸ ਨਾਲ ਹਿੰਸਾ ਰੋਕਣ ਦੀ ਥਾਂ ਵਧਦੀ ਹੈ ।ਆਪਸੀ ਭਰੋਸਾ ਟੁੱਟ ਜਾਂਦਾ ਹੈ - ਜਦੋਂ ਅਮਰੀਕਾ ਆਪਣੇ ਹਿੱਤਾਂ ਦੀ ਰਾਖੀ ਕਰਦਾ ਹੈ ।ਰਾਜਨੀਤਿਕ ਤਕੜੀ ਹਸਤੀ ਬਣ ਕੇ ਵਿਚੋਲਪੁਣਾ ਨਾਕਾਮ ਰਹਿੰਦਾ ਹੈ।

ਇਹ ਨਹੀਂ ਕਿ ਦੁਨੀਆ ਨਹੀਂ ਸੋਚਦੀ ਕਿ ਅਮਰੀਕਾ - ਸ਼ਾਂਤੀਕਰਤਾ ਜਾਂ ਹੁਕਮਰਾਨ ? ਸੰਯੁਕਤ ਰਾਸ਼ਟਰ ਸੰਘ ਦੀ ਮਦਦ ਨਾਲ ਵੀ ਯੁੱਧ ਵਿਰਾਮ ਹੋਏ ਹਨ ।ਕੋਰੀਆ ਯੁੱਧ ਵਿੱਚ 1953 ceasefire ਬੋਸਨੀਆ ਵਿੱਚ ਡੇਟਨ Peace Accord (1995)

ਪਰ ਇਨ੍ਹਾਂ ceasefire ਦਾ ਲਾਭ ਵੀ ਅਮਰੀਕਾ ਨੂੰ ਰਾਜਨੀਤਕ ਪੱਖੋਂ ਹੋਇਆ।

ਅਸਲ ਵਿੱਚ ਅਮਰੀਕਾ ਦੇ ਹਥਿਆਰ ਉਦਯੋਗ ਦੀ ਭੂਮਿਕਾ ਬਹੁਤ ਵੱਡੀ ਹੈ

ਅਮਰੀਕਾ ਦੁਨੀਆ ਦਾ ਸਭ ਤੋਂ ਵੱਡਾ ਹਥਿਆਰ ਨਿਰਮਾਤਾ ਅਤੇ ਵਿਕਰੇਤਾ ਹੈ। ਜਿੱਥੇ ceasefire ਨੂੰ ਮੋਹਰੀ ਲੱਗਣੀ ਚਾਹੀਦੀ ਹੈ, ਉਥੇ ਇਹ ਉਦਯੋਗ ਹਿੰਸਾ ਨੂੰ ਜਾਰੀ ਰੱਖਣ 'ਚ ਰੁਚੀ ਰੱਖਦਾ ਹੈ।

ਨੈਤਿਕਤਾ ਦਾ ਪੱਖ ਬਿਲਕੁਲ ਖਤਮ ਹੋ ਗਿਆ ਹੈ ।ਜਾਨਾਂ ਦੀ ਕੀਮਤ ਕੋਈ ਨਹੀਂ

ਜਦ ਯੁੱਧ ਵਿ, ਤਾ ਯੁੱਧ ਲਹੂ ਵਹਾਉਂਦਾ ਹੈ। ਨਿਰਦੋਸ਼ ਲੋਕ, ਬੱਚੇ, ਔਰਤਾਂ - ਸਭ ਹਿੰਸਾ ਦਾ ਸ਼ਿਕਾਰ ਬਣਦੇ ਹਨ।

**ਮਨੁੱਖੀ ਅਧਿਕਾਰਾਂ ਦੀ ਉਲੰਘਣਾ**

ਸੰਘਰਸ਼ ਖੇਤਰਾਂ ਵਿੱਚ ਅਮਰੀਕਾ ਦੀ ਦਖਲਅੰਦਾਜ਼ੀ ਕਈ ਵਾਰ ਮਨੁੱਖੀ ਅਧਿਕਾਰਾਂ ਦੀ ਪਾਲਣਾ ਨਹੀਂ ਕਰਦੀ। ਭਰੋਸੇ ਦੀ ਕਮੀ ਵੀ ਝਲਕਦੀ ਹੈ।ਵਿਕਾਸਸ਼ੀਲ ਅਤੇ ਮਜਲੂਮ ਦੇਸ਼ ਅਮਰੀਕਾ ਨੂੰ ceasefire ਦਾ ਸਹੀ ਵਿਚੋਲਾ ਨਹੀਂ ਮੰਨਦੇ।

ਹੱਲ ਅਤੇ ਵਿਕਲਪ ਦੀ ਜੇਕਰ ਗੱਲ ਕਰੀਏ ਤਾਂ ਨਿਰਪੱਖ ਅੰਤਰਰਾਸ਼ਟਰੀ ਵਿਚੋਲੇ ਸੰਯੁਕਤ ਰਾਸ਼ਟਰ, ਯੂਰਪੀ ਯੂਨੀਅਨ ਜਿਹੀਆਂ ਸੰਸਥਾਵਾਂ ਰਾਹੀਂ ceasefire ਲਿਆਂਦੇ ਜਾਣ।

ਹਥਿਆਰ ਸੌਦਿਆਂ ਤੇ ਪਾਬੰਦੀ ਵੱਡੀਆਂ ਤਾਕਤਾਂ ਨੂੰ ਯੁੱਧ ਵਿਰਾਮ ਦੌਰਾਨ ਹਥਿਆਰਾਂ ਦੀ ਸਪਲਾਈ ਰੋਕੀ ਜਾਵੇ ।

ਲੋਕਧਾਰਾ ਅਤੇ ਸਥਾਨਕ ਹਿੱਤਧਾਰੀਆਂ ਦੀ ਭੂਮਿਕਾ ਦੀ ਜ਼ਰੂਰ ਹੋਣੀ ਚਾਹੀਦੀ ਹੈ। ਕਿਸੇ ਵੀ ceasefire ਦੀ ਸਫਲਤਾ ਲਈ ਜ਼ਰੂਰੀ ਹੈ ਕਿ ਸਥਾਨਕ ਲੋਕਾਂ ਦੀ ਭੂਮਿਕਾ ਨੂੰ ਸਵੀਕਾਰਿਆ ਜਾਵੇ।


ਪਾਰਦਰਸ਼ਿਤਾ ਅਤੇ ਹਿਸਾਬ-ਕਿਤਾਬ ਅਨੁਸਾਰ

ਜਿੱਥੇ ਵੀ ਅਮਰੀਕਾ ਜਾਂ ਹੋਰ ਮਹਾਸੱਤਾ ceasefire 'ਚ ਦਖਲ ਲੈਂਦੀਆਂ ਹਨ, ਉਥੇ ਅੰਤਰਰਾਸ਼ਟਰੀ ਜਾਂਚ ਤੇ ਨਿਗਰਾਨੀ ਹੋਣੀ ਚਾਹੀਦੀ ਹੈ।

ਜੇਕਰ ਸਿੱਟੇ ਦੀ ਗੱਲ ਕਰੀਏ ਤਾਂ ਯੁੱਧ ਵਿਰਾਮ ਅਤੇ ਅਮਰੀਕਾ ਦੀ ਦਖਲਅੰਦਾਜ਼ੀ ਆਮ ਤੌਰ 'ਤੇ ਇਕ-ਦੂਜੇ ਦੇ ਵਿਰੋਧੀ ਹੋ ਜਾਂਦੇ ਹਨ। ਜਿੱਥੇ ceasefire ਸ਼ਾਂਤੀ ਵੱਲ ਕਦਮ ਹੁੰਦਾ ਹੈ, ਉਥੇ ਅਮਰੀਕੀ ਦਖਲ ਆਪਣੇ ਰਾਜਨੀਤਿਕ ਹਿੱਤਾਂ ਦੀ ਰਾਖੀ ਕਰਨ ਲਈ ਸੰਘਰਸ਼ ਨੂੰ ਲੰਬਾ ਕਰ ਦਿੰਦੀ ਹੈ। ਅਮਰੀਕਾ ਹਮੇਸ਼ਾ ਆਪਣੇ ਹਿੱਤ ਦੇਖਦਾ ਹੈ।ਪਹਿਲਾਂ ਲੜਾਕੇ ਫਿਰ ਸਮਝੋਤੇ ਤੇ ਆ ਜਾਂਦਾ ਹੈ। ਜਿੰਨੇ ਵੀ ਯੁੱਧ ਲੜਨੇ ਗਏ ਜ਼ਿਆਦਾ ਤਰ ਵਿਚ ਅਮਰੀਕਾ ਦਾ ਨਾਂ ਬੋਲਦਾ ਹੈ।

ਪਰ ਅਸੀਂ ਇੱਕ ਅਜਿਹੀ ਦੁਨੀਆਂ ਦੀ ਆਸ ਕਰਦੇ ਹਾਂ ਜਿੱਥੇ ਯੁੱਧ ਵਿਰਾਮ ਸਿਰਫ਼ ਕਾਗਜ਼ੀ ਐਲਾਨ ਨਾ ਰਹਿ ਜਾਣ, ਸਗੋਂ ਜਮੀਨੀ ਸਥਿਤੀ ਵਿੱਚ ਅਮਨ, ਮਾਣ ਅਤੇ ਮਾਨਵਤਾ ਨੂੰ ਵਾਸਤਵਿਕ ਰੂਪ ਵਿੱਚ ਲਿਆ ਸਕਣ। ਅਜਿਹੀ ਦੁਨੀਆਂ ਲਈ ਅਮਰੀਕਾ ਵਰਗੀਆਂ ਮਹਾਤਾਕਤਾਂ ਨੂੰ ਆਪਣੇ ਹਿੱਤਾਂ ਦੀ ਥਾਂ ਵਿਸ਼ਵਮਾਨਵਤਾ ਦੀ ਸੋਚ ਰੱਖਣੀ ਪਏਗੀ ।ਸਭ ਤੋਂ ਵੱਡੀ ਗੱਲ ਕਿ ਜੰਗਾਂ ਯੁੱਧਾਂ ਨੂੰ ਟਾਲਿਆ ਹੀ ਜਾਵੇ। ਮਨੁੱਖਤਾ ਦਾ ਘਾਣ ਕਿਸੇ ਨੂੰ ਕੁਝ ਨਹੀਂ ਦਿੰਦਾ।ਜੰਗਾਂ ਯੁੱਧਾਂ ਦਾ ਪੈਸਾ ਗਰੀਬ ਤੇ ਖਰਚ ਕੀਤਾ ਜਾਵੇ। ਅਮਨਸ਼ਾਂਤੀ ਨਾਲ ਹੀ ਧਰਤੀ ਹੱਸਦੀ ਵੱਸਦੀ ਰਹੇ।



# ਕਬੱਡੀ 'ਚ ਅਤੇ ਲੋਕ ਦਿਲਾਂ 'ਤੇ ਰੇਡਾਂ ਪਾਉਣ ਵਾਲਾ ਰਘਬੀਰ ਸਿੰਘ ਮਾਨ (ਬੀਰਾ ਤੁੰਗਵਾਲੀ)

## ਅਧਿਆਪਕ ਅਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਜੋਂ ਸ਼ਾਨਦਾਰ ਸਫ਼ਰ ਦਾ ਹਸਤਾਖ਼ਰ

### ਸੇਵਾ ਮੁਕਤੀ 'ਤੇ ਵਿਸ਼ੇਸ਼



ਰਘਬੀਰ ਮਾਨ
ਸਹਾਇਕ ਡਾਇਰੈਕਟਰ
ਯੁਵਕ ਸੇਵਾਵਾਂ





- ਦੁਨੀਆਂ ਉੱਤੇ ਆਪੇ ਤੋਂ ਉੱਪਰ ਉੱਠ ਕੇ ਜਿਉਣ ਵਾਲੇ ਵਿਅਕਤੀ ਥੋੜ੍ਹੇ ਹੁੰਦੇ ਹਨ ਜੋ ਆਪਣੇ ਕਿੱਤੇ ਨੂੰ ਵੀ ਤਨਦੇਹੀ ਨਾਲ ਨਿਭਾਉਣ ਅਤੇ ਦੂਜਿਆਂ ਲਈ ਵੀ ਹਰ ਵਕਤ ਤਿਆਰ-ਬਰ-ਤਿਆਰ ਰਹਿਣ, ਅਜਿਹੀ ਹੀ ਸ਼ਖ਼ਸੀਅਤ ਦਾ ਨਾਮ ਹੈ ਰਘਬੀਰ ਸਿੰਘ ਮਾਨ ਉਰਫ਼ ਬੀਰਾ ਤੁੰਗਵਾਲੀ । ਉਨ੍ਹਾਂ ਦਾ ਜਨਮ 15 ਜੂਨ 1967 ਬਠਿੰਡਾ ਜ਼ਿਲ੍ਹੇ ਦੇ ਪਿੰਡ ਤੁੰਗਵਾਲੀ ਵਿਖੇ ਮਾਤਾ ਸ਼੍ਰੀਮਤੀ ਹਰਬੰਸ ਕੌਰ ਦੀ ਕੁੱਖੋਂ ਪਿਤਾ ਸ੍ਰ. ਗੁਰਦਰਸ਼ਨ ਸਿੰਘ ਦੇ ਘਰ ਹੋਇਆ । ਕਬੱਡੀ ਦਾ ਸ਼ੌਕੀਨ ਮਾਂ-ਪਿਓ ਦਾ ਬੀਰਾ ਗਲੀਆਂ ਵਿੱਚ ਕੌਡੀਆਂ ਪਾਉਂਦਾ, ਮਿੱਟੀ ਨਾਲ ਮਿੱਟੀ ਹੁੰਦਾ ਪਿੰਡ ਦੇ ਤੱਪੜਾਂ ਵਾਲੇ ਸਕੂਲ ਤੋਂ ਫੱਟੀ ਉੱਪਰ ਊੜਾ-ਆੜਾ ਉਕਰਦਾ ਮੁੱਢਲੀ ਵਿੱਦਿਆ ਪਾਸ ਕਰ ਗਿਆ । ਰਾਜਿੰਦਰਾ ਕਾਲਜ ਬਠਿੰਡਾ ਤੋਂ ਬੀ. ਏ., ਅਰਥ ਸ਼ਾਸਤਰ ਦੀ ਐਮ.ਏ. ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਅਤੇ ਬੀ. ਐੱਡ. ਗੁਰੂਸਰ ਸੁਧਾਰ ਤੋਂ ਕਰਦੇ ਹੋਏ ਕਬੱਡੀ ਜਗਤ ਦਾ ਬੀਰਾ ਤੁੰਗਵਾਲੀ ਬਣ ਨਿੱਕਲਿਆ । ਬੀਰੇ ਨੇ ਕਬੱਡੀ ਦਾ ਪਹਿਲਾ ਮੈਚ 1985 ਵਿੱਚ 35 ਕਿਲੋ ਭਾਰ ਵਰਗ ਨਾਲ ਸ਼ੁਰੂ ਕਰਕੇ 1990 ਤੋਂ 2000 ਤੱਕ 62 ਕਿਲੋ ਭਾਰ ਵਰਗ ਅਤੇ ਓਪਨ ਕਬੱਡੀ ਵਿੱਚ ਪੂਰਾ ਨਾਮਣਾ ਖੱਟਿਆ । ਉਸ ਸਮੇਂ ਦੇ ਨਾਮਵਰ ਕਬੱਡੀ ਟੂਰਨਾਮੈਂਟ ਲੰਬੀ, ਨਾਭਾ, ਭਦੌੜ, ਮਹਿਰਾਜ, ਸੰਘੇੜਾ, ਭੀਖੀ, ਜੋਗੀਪੀਰ ਰੱਲਾ, ਸਰਦੂਲਗੜ੍ਹ, ਫੱਕਰ ਝੰਡਾ, ਬਾਜਖਾਨਾ, ਬਰਗਾੜੀ ਆਦਿ ਵਿੱਚ ਉਸ ਦੀਆਂ ਪਾਈਆਂ ਰੇਡਾਂ ਨੂੰ ਦਰਸ਼ਕ ਸਾਹ ਰੋਕ ਕੇ ਦੇਖਦੇ ਸੀ ਬੀਰੇ ਦੀ ਖੇਡ ਮੈਦਾਨਾਂ ਵਿੱਚ ਪੂਰੀ ਤੂਤੀ ਬੋਲਦੀ ਸੀ । ਸਕੂਲ-ਕਾਲਜ ਸਮੇਂ ਤੋਂ ਕੌਮੀ ਸੇਵਾ ਯੋਜਨਾ ਵਲੰਟੀਅਰ ਵਜੋਂ ਪੰਜਾਬੀ ਯੂਨੀਵਰਸਿਟੀ ਤੋਂ ਗੋਲਡ ਮੈਡਲ ਹਾਸਲ ਕੀਤਾ । ਸਮਾਜ ਸੇਵਾ ਦਾ ਭੁੱਸ ਪੂਰਾ ਕਰਨ ਲਈ ਪਿੰਡ ਦੇ ਵਿੱਚ ਸੰਤ ਹਜ਼ੂਰਾ ਸਿੰਘ ਯੂਥ ਕਲੱਬ ਦਾ 1988 ਤੋਂ 1997 ਤੱਕ ਪ੍ਰਧਾਨ ਰਿਹਾ । ਇਸ ਸਮੇਂ ਦੌਰਾਨ ਨੌਜਵਾਨਾਂ ਅਤੇ ਸਮਾਜ ਸੇਵਾ ਦੇ ਕੰਮਾਂ ਨੂੰ ਦੇਖਦੇ ਹੋਏ ਸਰਕਾਰ ਵੱਲੋਂ ਜ਼ਿਲ੍ਹਾ ਪੱਧਰੀ ਐਵਾਰਡ, 1995-96 ਵਿੱਚ ਪੰਜਾਬ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਸਟੇਟ ਐਵਾਰਡ ਅਤੇ 1996-97 ਵਿੱਚ ਭਾਰਤ ਸਰਕਾਰ ਵੱਲੋਂ ਨੈਸ਼ਨਲ ਯੂਥ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ । 23 ਅਗਸਤ 1997 ਸਰਕਾਰੀ ਮਿਡਲ ਸਕੂਲ ਸੁੱਖਾ ਸਿੰਘ ਵਾਲਾ ਵਿਖੇ ਬਤੌਰ ਐੱਸ.ਐੱਸ. ਮਾਸਟਰ ਸੇਵਾਵਾਂ ਸ਼ੁਰੂ ਕੀਤੀਆਂ ਅਤੇ ਇਸੇ ਸਾਲ ਨਵੰਬਰ ਮਹੀਨੇ ਲੇਖਕ ਸੁਖਚਰਨ ਸੱਦੇਵਾਲੀਆ ਦੀ ਬੇਟੀ ਸੁਖਜੀਤ ਕੌਰ ਨਾਲ ਵਿਆਹ ਦੇ ਬੰਧਨ ਵਿੱਚ ਬੱਝ ਗਏ । ਸੰਨ 2001 ਤੋਂ 2007 ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲਿਆਂਵਾਲੀ



ਅਤੇ 2007 ਤੋਂ 2013 ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਥਾਣਾ ਵਿਖੇ ਆਪਣੀਆਂ ਸੇਵਾਵਾਂ ਨਿਭਾਉਂਦੇ ਹੋਏ ਜੱਗੀ ਭੂੰਦੜ, ਜਗਸੀਰ ਸੀਰਾ, ਗੁਰਲਾਲ ਗੰਗਾ, ਹਰਦੀਪ ਗਿਆਨੀ ਵਰਗੇ ਖਿਡਾਰੀਆਂ ਨੂੰ ਤਰਾਸ਼ ਕੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖਿਡਾਰੀ ਤਿਆਰ ਕੀਤੇ । ਸੰਨ 2013 ਦੀ 18 ਮਾਰਚ ਨੂੰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਜੋਂ ਮਾਨਸਾ ਵਿਖੇ ਅਹੁਦਾ ਸੰਭਾਲਿਆ । ਉਸ ਸਮੇਂ ਤੋਂ ਲੈ ਕੇ ਹੁਣ ਤੱਕ ਯੁਵਕ ਸੇਵਾਵਾਂ ਵਿਭਾਗ ਵਿੱਚ ਯੂਥ ਕਲੱਬਾਂ ਨੂੰ ਮੁੜ ਸੁਰਜੀਤ ਕਰਨ ਵਿੱਚ ਅੱਡੀ ਚੋਟੀ ਦਾ ਜ਼ੋਰ ਲਗਾਇਆ, ਜਿਸ ਦੇ ਨਤੀਜੇ ਵਜੋਂ ਕਲੱਬ ਮੁੜ ਸਰਗਰਮ ਹੋ ਕੇ ਸਮਾਜਿਕ ਗਤੀਵਿਧੀਆਂ ਕਰਨ ਲੱਗੇ । ਮਾਨਸਾ, ਬਠਿੰਡਾ, ਬਰਨਾਲਾ, ਫਰੀਦਕੋਟ ਅਤੇ ਮੁਕਤਸਰ ਜ਼ਿਲ੍ਹਿਆਂ ਦੇ ਕੌਮੀ ਸੇਵਾ ਯੋਜਨਾ ਇਕਾਈਆਂ ਦੇ ਪ੍ਰੋਗਰਾਮ ਅਫ਼ਸਰ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਅੱਜ ਰਘਬੀਰ ਸਿੰਘ ਮਾਨ ਨੂੰ ਪਲਕਾਂ ਉਪਰ ਬਿਠਾਉਂਦੇ ਹਨ ਅਤੇ ਆਪਣਾ ਰੋਲ ਮਾਡਲ ਮੰਨਦੇ ਨੇ । ਕਰੋਨਾ ਕਾਲ, ਹੜ੍ਹਾਂ ਦੀ ਮਾਰ, ਭੁਚਾਲ ਸੰਕਟ ਅਤੇ ਸੋਕੇ ਵਰਗੇ ਹਲਾਤਾਂ ਵਿੱਚ ਆਪ ਅੱਗੇ ਹੋ ਕੇ ਕੌਮੀ ਸੇਵਾ ਯੋਜਨਾ ਇਕਾਈਆਂ, ਨੌਜਵਾਨਾਂ ਅਤੇ ਸਮਾਜ ਸੇਵੀਆਂ ਦੀ ਮਦਦ ਨਾਲ ਹਮੇਸ਼ਾ ਲੋੜਵੰਦਾਂ ਦੀ ਬਾਂਹ ਫੜਨ ਵਾਲੇ ਇਸ ਵਿਅਕਤੀ ਦੀ ਹੱਲਾਸ਼ੇਰੀ ਸਦਕਾ ਖੂਨਦਾਨ ਕੈਂਪ, ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਲਗਾਉਣ, ਨਸ਼ਿਆਂ ਨੂੰ ਖਤਮ ਕਰਨ ਅਤੇ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨ ਦੇ ਕਾਰਜਾਂ ਵਿੱਚ ਯੂਥ ਕਲੱਬ ਸਿਰਤੋੜ ਯਤਨ ਕਰਨ ਲੱਗੇ । ਰਘਬੀਰ ਸਿੰਘ ਮਾਨ ਸਿੱਖਿਆ ਵਿਭਾਗ ਅਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਵਿੱਚ 28 ਸਾਲ ਦੇ ਕਰੀਬ ਸ਼ਾਨਦਾਰ ਸੇਵਾਵਾਂ ਨਿਭਾਅ ਕੇ 30 ਜੂਨ 2025 ਨੂੰ ਆਪਣਾ ਸ਼ਾਨਾਮੱਤਾ ਸਫ਼ਰ ਪੂਰਾ ਕਰਕੇ ਬਠਿੰਡਾ ਤੋਂ ਬਤੌਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸੇਵਾ ਮੁਕਤ ਹੋਣ ਜਾ ਰਿਹਾ ਹੈ । ਆਸ ਕਰਦੇ ਹਾਂ ਕਿ ਮਾਨ ਸਾਹਿਬ ਸਮਾਜਿਕ ਕਾਰਜਾਂ ਅਤੇ ਖੇਡ ਮੈਦਾਨਾਂ 'ਚ ਆਪਣੇ ਜਨੂੰਨ ਨਾਲ ਇਸੇ ਤਰ੍ਹਾਂ ਜੁੜੇ ਰਹਿਣਗੇ । ਆਮੀਨ !

**ਬਲਜੀਤ ਸਿੰਘ ਅਕਲੀਆ**
**ਮੋ. ਨੰ:- 987212100**





ਰਘਬੀਰ ਮਾਨ ਅਤੇ ਬਲਜੀਤ ਸਿੰਘ ਅਕਲੀਆ












# ਭਾਰਤੀ ਪਾਇਲਟ ਅਭਿਨੰਦਨ ਨੂੰ ਫੜਨ ਵਾਲਾ ਪਾਕਿਸਤਾਨੀ ਅਫ਼ਸਰ ਮਾਰਿਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨੀ ਫੌਜ ਦੇ ਸਪੈਸ਼ਲ ਸਰਵਸਿਜ਼ ਗਰੁੱਪ ਦਾ ਇੱਕ ਅਧਿਕਾਰੀ, ਜਿਸ ਨੇ 2019 ਵਿੱਚ ਸਰਹੱਦ 'ਤੇ ਜਾਰੀ ਟਕਰਾਅ ਦਰਮਿਆਨ ਭਾਰਤੀ ਹਵਾਈ ਸੈਨਾ ਦੇ ਪਾਇਲਟ ਅਭਿਨੰਦਨ ਵਰਤਮਾਨ ਨੂੰ ਉਸ ਦਾ ਜੈੱਟ ਡੇਗਣ ਮਗਰੋਂ ਫੜਨ ਦਾ ਦਾਅਵਾ ਕੀਤਾ ਸੀ, ਤਾਲਿਬਾਨ ਅੱਤਵਾਦੀਆਂ ਨਾਲ ਇੱਕ ਝੜਪ ਵਿੱਚ ਮਾਰਿਆ ਗਿਆ ਹੈ। ਇਹ ਦਾਅਵਾ ਪਾਕਿਸਤਾਨੀ ਫੌਜ ਨੇ ਕੀਤਾ ਹੈ।ਫੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ISPR) ਵੱਲੋਂ ਜਾਰੀ ਬਿਆਨ ਮੁਤਾਬਕ ਮੇਜਰ ਸਈਦ ਮੋਇਜ਼ ਅੱਬਾਸ ਸ਼ਾਹ (37) ਅਫ਼ਗਾਨ ਸਰਹੱਦ ਨੇੜੇ ਦੱਖਣੀ ਵਜ਼ੀਰਿਸਤਾਨ ਦੇ ਸਾਰਾਰੋਘਾ ਖੇਤਰ ਵਿੱਚ ਤਾਲਿਬਾਨ ਅੱਤਵਾਦੀਆਂ ਨਾਲ ਝੜਪ ਵਿੱਚ ਮਾਰਿਆ ਗਿਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ਲਾਂਸ ਨਾਇਕ ਜਿਬਰਾਨ ਉੱਲ੍ਹਾ(27) ਵੀ ਇਸੇ ਲੜਾਈ ਵਿੱਚ ਮਾਰਿਆ ਗਿਆ। ਫੌਜ ਦੇ ਜਵਾਨਾਂ ਨੇ ਇਸੇ ਕਾਰਵਾਈ ਵਿੱਚ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਨਾਲ ਸਬੰਧਤ 11 ਅਤਿਵਾਦੀਆਂ ਨੂੰ ਮਾਰ ਮੁਕਾਇਆ ਤੇ ਸੱਤ ਹੋਰ ਜ਼ਖਮੀ ਹੋ ਗਏ।

# ਭਾਰਤ ਅਤੇ ਅਮਰੀਕਾ ਵਿਚਕਾਰ ਜਲਦੀ ਹੀ ਇੱਕ 'ਵੱਡਾ' ਵਪਾਰ ਸੌਦਾ ਹੋਣ ਵਾਲਾ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਅਤੇ ਅਮਰੀਕਾ ਵਿਚਕਾਰ ਜਲਦੀ ਹੀ ਇੱਕ 'ਵੱਡਾ' ਵਪਾਰ ਸੌਦਾ ਹੋਣ ਵਾਲਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਗੱਲ ਵ੍ਹਾਈਟ ਹਾਊਸ ਵਿਖੇ ਆਯੋਜਿਤ 'ਬਿਗ ਬਿਊਟੀਫੁੱਲ ਬਿੱਲ' ਸਮਾਗਮ ਵਿੱਚ ਕਹੀ। ਟਰੰਪ ਨੇ ਕਿਹਾ ਕਿ ਅਮਰੀਕਾ ਨੇ ਹਾਲ ਹੀ ਵਿੱਚ ਚੀਨ ਨਾਲ ਇੱਕ ਵਪਾਰ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ ਅਤੇ ਹੁਣ ਭਾਰਤ ਨਾਲ ਵੀ ਕੁੱਝ ਅਜਿਹਾ ਹੀ ਹੋਣ ਵਾਲਾ ਹੈ। 2 ਅਪ੍ਰੈਲ ਨੂੰ ਟਰੰਪ ਨੇ ਦੁਨੀਆ ਭਰ ਦੇ ਲਗਭਗ 100 ਦੇਸ਼ਾਂ 'ਤੇ ਟੈਰਿਫ ਵਧਾਉਣ ਦਾ ਐਲਾਨ ਕੀਤਾ ਸੀ । ਇਸ ਵਿੱਚ ਭਾਰਤ 'ਤੇ 26% ਟੈਰਿਫ ਲਗਾਇਆ ਗਿਆ ਸੀ। ਫਿਰ 9 ਅਪ੍ਰੈਲ ਨੂੰ ਟਰੰਪ ਪ੍ਰਸ਼ਾਸਨ ਨੇ ਇਸਨੂੰ 90 ਦਿਨਾਂ ਲਈ ਮੁਲਤਵੀ ਕਰ ਦਿੱਤਾ। ਟਰੰਪ ਨੇ ਇਹ ਸਮਾਂ ਭਾਰਤ ਵਰਗੇ ਦੇਸ਼ਾਂ ਨੂੰ ਸਮਝੌਤੇ 'ਤੇ ਫੈਸਲੇ ਲੈਣ ਲਈ ਦਿੱਤਾ ਹੈ। ਟਰੰਪ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਟੈਰਿਫ ਨੀਤੀ ਅਮਰੀਕੀ ਅਰਥਵਿਵਸਥਾ ਨੂੰ ਲਾਭ ਪਹੁੰਚਾਏਗੀ। ਅਜਿਹੀ ਸਥਿਤੀ ਵਿੱਚ, ਭਾਰਤ ਅਤੇ ਅਮਰੀਕਾ ਇਸ ਸੌਦੇ ਦੇ ਪਹਿਲੇ ਪੜਾਅ ਨੂੰ ਜੁਲਾਈ 2025 ਤੱਕ ਪੂਰਾ ਕਰਨਾ ਚਾਹੁੰਦੇ ਹਨ।

# ਭਾਰਤੀ ਮੂਲ ਦੇ ਜ਼ੋਹਰਾਨ ਮਮਦਾਨੀ ਅਮਰੀਕੀ ਮੇਅਰ ਦੀ ਦੌੜ ਵਿਚ ਅੱਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਵੱਡੇ ਸ਼ਹਿਰ ਨਿਊਯਾਰਕ ਵਿੱਚ ਡੈਮੋਕ੍ਰੇਟਿਕ ਪਾਰਟੀ ਵੱਲੋਂ ਮੇਅਰ ਉਮੀਦਵਾਰ ਬਣਨ ਦੀ ਦੌੜ ਵਿੱਚ ਭਾਰਤੀ-ਅਮਰੀਕੀ ਨੇਤਾ ਜ਼ੋਹਰਾਨ ਮਮਦਾਨੀ ਨੇ ਲੀਡ ਲੈ ਲਈ ਹੈ। ਨਿਊਯਾਰਕ ਟਾਊਨ ਦੇ ਮੇਅਰ ਅਹੁਦੇ ਲਈ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਵਿੱਚ ਮਮਦਾਨੀ ਨੇ ਸਾਬਕਾ ਗਵਰਨਰ ਐਂਡਰਿਊ ਕੁ-ਮੋ ਨੂੰ ਹਰਾ ਕੇ ਲੀਡ ਲੈ ਲਈ। ਪ੍ਰਾਇਮਰੀ ਚੋਣ ਦਾ ਅੰਤਿਮ ਨਤੀਜਾ ਜੁਲਾਈ ਵਿੱਚ ਰੈਂਕ-ਚੋਇਸ ਦੀ ਅੰਤਿਮ ਗਿਣਤੀ ਤੋਂ ਬਾਅਦ ਆਵੇਗਾ। ਹਾਲਾਂਕਿ, ਜ਼ੋਹਰਾਨ ਦਾ ਡੈਮੋਕ੍ਰੇਟਿਕ ਪਾਰਟੀ ਵੱਲੋਂ ਮੇਅਰ ਉਮੀਦਵਾਰ ਬਣਨਾ ਲਗਭਗ ਤੈਅ ਹੈ। ਨਵੰਬਰ ਵਿੱਚ ਮੇਅਰ ਅਹੁਦੇ ਲਈ ਆਮ ਚੋਣਾਂ ਵਿੱਚ ਉਸਦੀ ਜਿੱਤ ਵੀ ਲਗਭਗ ਤੈਅ ਮੰਨੀ ਜਾ ਰਹੀ ਹੈ। ਜ਼ੋਹਰਾਨ ਮਮਦਾਨੀ ਭਾਰਤੀ-ਅਮਰੀਕੀ ਫਿਲਮ ਨਿਰਮਾਤਾ ਮੀਰਾ ਨਾਇਰ ਦਾ ਪੁੱਤਰ ਹੈ। ਮਮਦਾਨੀ ਦਾ ਜਨਮ ਯੂਗਾਂਡਾ ਵਿੱਚ ਹੋਇਆ ਸੀ, ਪਰ ਉਹ ਅਮਰੀਕਾ ਵਿੱਚ ਵੱਡਾ ਹੋਇਆ। ਜੇਕਰ ਮਮਦਾਨੀ ਮੇਅਰ ਦੀ ਚੋਣ ਜਿੱਤਦੇ ਹਨ , ਤਾਂ ਉਹ ਨਿਊਯਾਰਕ ਟਾਊਨ ਦੇ ਇਤਿਹਾਸ ਵਿੱਚ ਪਹਿਲੇ ਮੁਸਲਿਮ, ਭਾਰਤੀ ਮੂਲ ਦੇ ਮੇਅਰ ਬਣ ਜਾਣਗੇ।

# ਰੀਜਾਇਨਾ ਦੇ ਬਜੁਰਗ ਮਿਲ ਬੈਠਣ ਲਈ ਕਮਿਊਨਿਟੀ ਸੈਂਟਰ ਲੱਭ ਰਹੇ ਹਨ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਮੂਲ ਦੇ ਮੁੱਖ ਤੌਰ 'ਤੇ ਪੰਜਾਬ ਤੋਂ ਕਨੇਡਾ ਪਰਵਾਸ ਕਰਕੇ ਆਏ ਬਜੁਰਗਾਂ ਨੇ ਰੀਜਾਇਨਾ ਵਿਖੇ ਇੱਕ ਰੀਜਾਇਨਾ ਗਰੁੱਪ ਨਾਂ ਦੀ ਸੰਸਥਾ ਬਣਾਈ ਹੈ। ਜਿਸ ਦਾ ਮਕਸਦ ਪੰਜਾਬ ਛੱਡਕੇ ਕਨੇਡਾ ਦੇ ਨਵੇਂ ਸੱਭਿਆਚਾਰਕ ਮਾਹੌਲ ਵਿੱਚ ਬਜੁਰਗਾਂ ਨੂੰ ਆਉਂਦੀਆਂ ਸਮੱਸਿਆਵਾਂ ਦਾ ਹੱਲ ਲੱਭਣਾ ਹੈ। ਇਸ ਮਕਸਦ ਲਈ ਉਹਨਾਂ ਦੀ ਹਰ ਮਹੀਨੇ ਇੱਕ ਮਿਲਣੀ ਹੁੰਦੀ ਹੈ ਜਿਸ ਦੌਰਾਨ ਨਵੇਂ ਆਏ ਬਜੁਰਗਾਂ ਨੂੰ ਜੀ ਆਇਆਂ ਨੂੰ ਕਿਹਾ ਜਾਂਦਾ ਹੈ ਅਤੇ ਜੇਕਰ ਕੋਈ ਬਜੁਰਗ ਵਾਪਿਸ ਵਤਨੀ ਗੇੜੀ ਲਾਉਣ ਚੱਲਿਆ ਹੈ ਤਾਂ ਉਸ ਨੂੰ ਮਾਣ ਸਨਮਾਨ ਨਾਲ ਵਿਦਾਇਗੀ ਦਿੱਤੀ ਜਾਂਦੀ ਹੈ। ਜੂਨ ਮਹੀਨੇ ਬਲਬੀਰ ਸਿੰਘ ਮੀਆਂ ਦੇ ਘਰ ਗੈਰਾਜ ਵਿੱਚ ਇਹ ਮਿਲਣੀ ਹੋਈ ਜਿਸ ਵਿੱਚ ਪੰਜਾਬੀ ਮੂਲ ਦੇ ਐਮ ਐਲ ਏ ਭਜਨ ਸਿੰਘ ਬਰਾੜ ਨੇ ਵੀ ਹਾਜਿਰੀ ਭਰੀ । ਇਸ ਮੌਕੇ ਬਜੁਰਗਾਂ ਨੇ ਭਜਨ ਸਿੰਘ ਬਰਾੜ ਕੋਲੋਂ ਮੰਗ ਕੀਤੀ ਕਿ ਪਾਰਕਾਂ ਵਿੱਚ ਬਜੁਰਗਾਂ ਲਈ ਵਾਸ਼ਰੂਮ ਦਾ ਪਰਬੰਧ ਕੀਤਾ ਜਾਵੇ ਅਤੇ ਉਹਨਾਂ ਦੇ ਮਿਲ ਬੈਠਣ ਲਈ ਕਮਿਊਨਿਟੀ ਸੈਂਟਰ ਵੀ ਬਣਾਇਆ ਜਾਵੇ।ਇਸ ਮੌਕੇ ਮਾਸਟਰ ਰਣਧੀਰ ਸਿੰਘ ਗਿੱਲ ਨੇ ਦੱਸਿਆ ਕਿ ਸਾਡੀ ਸੰਸਥਾ ਦਾ ਉਦੇਸ ਚਿੰਤਾ ਮੁਕਤ ਜ਼ਿੰਦਗੀ ਹੈ ਅਤੇ ਭਾਈਚਾਰੇ ਅੰਦਰ ਆਪਸੀ ਪਿਆਰ ਮਿਲਵਰਤਣ ਦਾ ਵਾਧਾ ਕਰਦਿਆਂ ਚੰਗੇ ਸਮਾਜ ਦੀ ਉਸਾਰੀ ਕਰਨਾ ਹੈ ।ਸੰਸਥਾ ਦੀ ਮੈਂਬਰਸਿੱਪ ਲੈਣ ਲਈ ਜਗਸੀਰ ਸਿੰਘ ਨਾਲ ਫੋਨ ਨੰਬਰ +919501009144 ਉੱਪਰ ਵਟਸਐਪ ਸੰਪਰਕ ਕੀਤਾ ਜਾ ਸਕਦਾ ਹੈ।

# ਅੰਬ ਵੀ ਉਡੀਕਦੇ ਹਨ ਬੱਚਿਆਂ ਨੂੰ



ਕਾਲਾ ਸਿੰਘ ਸੈਣੀ,
99882-80386



ਫਲਾਂ ਦੇ ਰਾਜਾ ਅੰਬ ਕਈ ਪ੍ਰਕਾਰ ਦੀਆਂ ਕਿਸਮਾਂ ਵਿੱਚ ਪਾਇਆ ਜਾਣਾ ਅਮਰ ਫਲ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਵਰਗ ਦੀ ਉਮਰ ਨਾਲ ਇਸ ਦੀ ਗੂੜੀ ਸਾਂਝ ਰਹੀ ਹੈ। ਜਦੋਂ ਅੰਬਾਂ ਦੀ ਰੁੱਤ ਆਉਂਦੀ ਹੈ ਤਾਂ ਬਚਪਨ ਯਾਦ ਆ ਜਾਂਦਾ ਹੈ। ਆਓ,ਖੱਟੇ ਮਿੱਠੇ ਅੰਬਾਂ ਦੀਆਂ ਬੱਚਿਆਂ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਤਾਜਾ ਕਰਦੇ ਹਾਂ।

ਮਈ ਦਾ ਮਹੀਨਾ ਸ਼ੁਰੂ ਹੁੰਦੇ ਹੀ ਬਾਗ ਕੱਚੀਆਂ ਅੰਬੀਆਂ ਨਾਲ ਭਰ ਜਾਂਦੇ ਹਨ। ਇੰਝ ਕਹਿ ਲਵੋ ਕ ਅੰਬੀਆਂ ਤੇ ਜੋਬਨ ਆ ਜਾਂਦਾ ਹੈ। ਕੱਚੇ ਅੰਬਾਂ ਦਾ ਬਚਪਨ ਨਾਲ ਗੂੜਾ ਰਿਸ਼ਤਾ ਹੈ। ਸਿਆਣਿਆਂ ਤੋਂ ਸੁਣਦੇ ਆਏ ਹਾਂ ਕਿ ਅੰਬ ਦੀ ਤਸੀਰ ਨੂੰ ਬੱਚੇ ਹੀ ਦੱਸ ਸਕਦੇ ਹਨ। ਕਹਿੰਦੇ ਨੇ ਇੱਕ ਵਾਰੀ ਬੱਚੇ ਦੀ ਨਜ਼ਰ ਅੰਬੀ ਤੇ ਪੈ ਜਾਵੇ ਫੇਰ ਭਾਵੇਂ ਕੰਧ ਛੜਨ ਸਮੇਂ ਡਿੱਗਣਾ ਹੀ ਕਿਉਂ ਨਾ ਪੈ ਜਾਵੇ ਪਰ ਅੰਬੀ ਤੋੜਨ ਲਈ ਕੰਧ ਤੇ ਚੜਣਗੇ ਜ਼ਰੂਰ..।ਅੰਬਾਂ ਦੇ ਰੁੱਖਾਂ ਤੇ ਚੜਦੇ ਸਮੇਂ ਬਾਹਾਂ ਦੀਆਂ ਕੂਣੀਆਂ ਦਾ ਛਿਲ ਹੋ ਜਾਣਾ,ਕੱਚੀਆਂ ਅੰਬੀਆਂ ਝਾੜਦਿਆਂ ਨੂੰ ਬਾਗਾਂ ਦੇ ਰਾਖੇ ਵੱਲੋਂ ਦੇਖ ਲੈਣ ਤੇ ਕੁੱਟ ਖਾਣੀ ਪਰ ਫੇਰ ਵੀ ਉਸ ਹੀ ਅੰਬ ਹੇਠ ਆ ਜਾਣ ਵਾਲੀ ਜਿਦ,ਘਰ ਤੋਂ ਕਾਗਜ਼ ਦੀ ਪੂੜੀ ਵਿੱਚ ਨਮਕ ਅਤੇ ਟੁੱਟਿਆ ਜਿਹਾ ਬਲੈਡ ਨਾਲ ਲੈ ਆਉਣਾ,ਅੱਧੀ ਤੇ ਪੂਰੀ ਛੁੱਟੀ ਸਮੇਂ ਜੇਠ,ਹਾੜ ਤੇ ਸਕੂਲ ਦੀ ਬਸਤੇ ਦੀ ਪ੍ਰਵਾਹ ਨਾ ਕਰਦਿਆਂ ਮਿੱਟੀ ਤੇ ਡਲੇ ਮਾਰ ਕੇ ਅੰਬੀਆਂ ਝਾੜਨੀਆਂ ਕੁਝ ਖਾਣੀਆਂ ਤੇ ਦੋ-ਚਾਰ ਘਰਾਂ ਨੂੰ ਚਟਣੀ ਕੁੱਟਣ ਲਈ ਲੈ ਜਾਣੀਆਂ,ਅੰਬੀਆਂ ਦੇ ਚਾਹੇ ਨਾਲ ਮੂੰਹ ਦੀਆਂ ਗੱਲਾਂ ਤੇ ਭਾਵੇਂ ਦਾਗ ਪੈ ਜਾਣੇ ਪਰ ਖੱਟੇ ਅੰਬ ਖਾਣ ਦੇ ਸ਼ੌਕੀਨ ਬੱਚੇ ਪਿੱਛੇ ਨਾ ਹੱਟਦੇ।

ਖੱਟੇ ਅੰਬ ਖਾਣ ਸਮੇਂ ਸੱਜੀ ਅੱਖ ਦਾ ਵੱਜਣਾ ਇਸ ਸਭ ਸਾਡੇ ਬਚਪਨ ਦੀਆਂ ਯਾਦਾਂ ਹਨ। ਪੱਕੇ ਅੰਬਾਂ ਦੀ ਗੱਲ ਕੀਤੀ ਜਾਵੇ ਤਾਂ ਅੰਬ ਫਲ ਇੱਕ ਅਜਿਹਾ ਫਲ ਹੈ ਜੋ ਚੂਪਣ ਸਮੇਂ ਜੂਠਾ ਹੋ ਜਾਂਦਾ ਹੈ ਪਰ ਅਸੀਂ ਵਾਰ-ਵਾਰ ਆਪਣੇ ਮੂੰਹ ਵਿੱਚ ਪਾ ਕੇ ਇਸ ਦੇ ਮਿੱਠੇ ਸੁਆਦ ਦਾ ਅਨੰਦ ਮਾਣਦੇ ਹਨ। ਇਹ ਵਰਤਾਵਾ ਦੂਸਰੇ ਫਲਾਂ ਨਾਲ ਨਹੀਂ ਕੀਤਾ ਜਾਂਦਾ। ਅਜੋਕੇ ਮੋਬਾਇਲ ਕਲਚਰ ਨੇ ਬੱਚਿਆਂ ਦਾ ਮੋਹ ਅੰਬੀਆਂ ਤੋਂ ਫਿੱਕਾ ਪਾ ਦਿੱਤਾ ਹੈ। ਬੱਚਿਆਂ ਨੂੰ ਮੋਬਾਇਲ ਤੋਂ ਵਿਹਲ ਨਹੀਂ ਹੈ।ਰਹਿੰਦੀ ਕਸਰ ਬਾਗਾਂ ਦੀ ਘੱਟ ਰਹੀ ਗਿਣਤੀ ਅਤੇ ਜੰਕਫੂਡ ਵੱਲ ਵਧ ਰਿਹਾ ਬੱਚਿਆਂ ਦਾ ਰੁਝਾਂਨ ਹੈ। ਜਿਸ ਨਾਲ ਅਜੋਕੀ ਪੀੜੀ ਉਪਰੋਕਤ ਤਸਵੀਰ ਤੋਂ ਕੋਹਾਂ ਦੂਰ ਹੁੰਦੀ ਜਾ ਰਹੀ ਹੈ। ਕੁਝ ਵੀ ਹੈ, ਜਦੋਂ ਵੀ ਅੰਬਾਂ ਦੀ ਰੁੱਤ ਆਉਂਦੀ ਹੈ ਤਾਂ ਅੰਬ ਬੱਚਿਆਂ ਨੂੰ ਉਡੀਕਦੇ ਨੇ..।


















Ambleton
A Qualico Community

ਆਖਿਰੀ ਫੇਸ ਛੇਤੀ ਆ ਰਿਹਾ ਹੈ !



ਲੇਨਡ ਹੋਮ
FROM THE HIGH $500s



ਫਰੰਟ ਗੈਰਾਜ
FROM THE MID $700s

ਉਮਰ ਭਰ ਰਹਿਣ ਵਾਲੀ ਜ਼ਿੰਦਗੀ ਇੱਥੋਂ ਸ਼ੁਰੂ ਹੁੰਦੀ ਹੈ

ਆਪਣੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ ਉੱਤਰੀ-ਪੱਛਮੀ ਕੈਲਗਰੀ ਦੇ ਸਭ ਤੋਂ ਵਧੀਆ ਦ੍ਰਿਸ਼ਾਂ ਨੂੰ ਦਰਸਾਉਂਦਾ ਹੈ। ਖੇਡ ਦੇ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਭਾਈਚਾਰੇ ਦੀ ਪੜਚੋਲ ਕਰਨਾ ਆਸਾਨ ਬਣਾਉਂਦੇ ਹਨ। ਨੇੜੇ-ਤੇੜੇ ਕਾਫ਼ੀ ਪ੍ਰਚੂਨ ਅਤੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ, ਐਂਬਲਟਨ ਵਿੱਚ ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।

ਆਖਿਰੀ ਫੇਸ ਕਦੋਂ ਰਿਲੀਜ ਹੁੰਦਾ ਹੈ
ਇਹ ਜਾਣਨ ਵਾਲੇ ਪਹਿਲੇ ਵਿਅਕਤੀ ਬਣਨ ਲਈ ਰਜਿਸਟਰ ਕਰੋ।

liveinambleton.com

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO communities



# Bains Vision Centre

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ



**Dr.Jaswinder S Bains**
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ



ਕੋਈ ਮੈਂਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8



# Sidhu Accounting & Financial Services



**Accounting Services**
- Personal Tax Returns
- Corporate Tax Returns
- Computerized Bookkeeping
- T4's
- Record of Employment

**Financial Services**
- RRSP
- Life Insurance
  Term Life
  Universal Life
- Critical Illness Insurance
- Segregated Funds

IQBAL SIDHU
(403) 568-2667

ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।

#202, 4656 Weswinds Drive NE. Calgary AB T3J 3Z5



# Asia Pacific Immigration Consulting Ltd.

ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ



ਇਮੀਗ੍ਰੇਸ਼ਨ ਸੇਵਾਵਾਂ
- ਮਾਪਿਆਂ ਲਈ ਸੁਪਰ ਵੀਜ਼ਾ
- ਪਰਿਵਾਰਕ ਸਪਾਂਸਰਸ਼ਿਪ
- ਐਲ ਐਮ ਓ ਐਪਲੀਕੇਸ਼ਨ
- ਵਰਕ ਪਰਮਿਟ
- ਰੱਦ ਕੀਤੇ ਕੇਸਾਂ ਵਾਸਤੇ ਅਪੀਲ

Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001

iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca



# Delta-A Stucco Ltd.

All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com



NORTHEAST AUTOMOTIVE

Bring your vehicle into NorthEast Automotive and be on smoother, stress free roads



First Choice for Engine Repair

Contact:
DEEP
4205-17 Ave SE
Calgary (AB)

ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।

Fax: 403 313 9993
Email: deep@neauto.ca
www.neauto.ca Ph. 403-263-1000, 403-250-7038


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com


Vermilion Hill
New Phase Now Selling
ਸਾਊਥ ਵੈਸਟ ਕੈਲਗਰੀ ਵਿੱਚ ਨਵਾਂ ਨਕੋਰ ਭਾਈਚਾਰਾ
ਵਰਮਿਲੀਅਨ ਹਿੱਲ ਦੇ ਫੇਜ਼ 4 ਵਿੱਚ ਦਿਲਚਸਪ ਘਰੇਲੂ ਵਿਕਲਪ ਹਨ ਭਵਿੱਖ ਦੇ ਸਕੂਲ ਸਾਈਟ ਦੇ ਨਾਲ ਲੱਗਦੇ ਖੇਡ ਦੇ ਮੈਦਾਨਾਂ ਵਿੱਚ ਚੁਣੇ ਹੋਏ ਲਾਟ ਹਨ। ਇਸ ਸ਼ਾਨਦਾਰ ਸਾਊਥ-ਵੈਸਟ ਭਾਈਚਾਰੇ ਵਿੱਚ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਨਵੇਂ ਸ਼ੋਅ ਹੋਮਾਂ ਵਿੱਚੋਂ ਇੱਕ 'ਤੇ ਜਾਓ ਜੋ ਕੈਲਗਰੀ ਦੇ ਸ਼ਹਿਰ ਅਤੇ ਰੌਕੀ ਪਹਾੜਾਂ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ।
ਟਾਊਨ ਹੋਮਜ From the Mid $500s
ਲੇਨਡ ਹੋਮਜ From the Low $600s
ਫਰੰਟ ਗੈਰਾਜ ਹੋਮਜ From the Mid $700s
Award-Winning Builders
• NuVista Homes • Genesis Builders • Shane Homes
• Homes by Avi • Sterling Homes • Broadview Homes
ਆਪਣੀ ਲਾਟ ਲੱਭੋ!
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


ਚੈਸਟਰਮੀਅਰ ਵਿੱਚ ਅਜਿਹਾ ਭਾਈਚਾਰਾ ਜਿੱਥੇ ਤੁਹਾਨੂੰ ਆਪਣਾ ਘਰ ਕਹਿਣ 'ਤੇ ਮਾਣ ਹੋਵੇਗਾ
ਝੀਲ ਦੇ ਕਿਨਾਰੇ ਸਥਿਤ ਸ਼ਹਿਰ ਚੈਸਟਰਮੇਰ ਵਿੱਚ, ਡਾਸਨਜ਼ ਲੈਂਡਿੰਗ ਇੱਕ ਸਥਾਪਿਤ ਭਾਈਚਾਰਾ ਹੈ ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਨੇੜਲੇ ਭਵਿੱਖ ਲਈ ਯੋਜਨਾਬੱਧ ਇੱਕ ਡੌਗ ਪਾਰਕ ਅਤੇ ਈਕੋ ਪਾਰਕ ਦੇ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
• Broadview Homes • Sterling Homes • NuVista Homes
• Truman Homes • Trico Homes • Genesis Builders
DAWSON'S LANDING CHESTERMERE
ਬੰਗਲੋ ਘਰ
ਫਰੰਟ ਗੈਰਾਜ ਡੁਪਲੈਕਸ
ਸਿੰਗਲ ਫਰੰਟ ਗੈਰਾਜ ਘਰ
Introducing Semi-Estates
/ Wide Lots* / Triple Garages / Walkout Homes / Mountain Views
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


PAINTED SKY LANGDON
ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਜੀ ਆਇਆਂ ਨੂੰ
ਨਵੀਆਂ ਸਹੂਲਤਾਂ ਸੌਖਾਲਿਆਂ ਹੀ ਲਵੋ
ਪੇਂਟਿਡ ਸਕਾਈ ਕਮਿਉਨਿਟੀ ਵਿੱਚ ਤੁਹਾਡਾ ਸਵਾਗਤ ਹੈ,ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਇੱਕ ਜੀਵੰਤ ਭਾਈਚਾਰਾ,ਜਿੱਥੇ ਛੋਟੇ ਸਹਿਰ ਦਾ ਸੁਹਜ ਆਧੁਨਿਕ ਸਹੂਲਤਾਂ ਨੂੰ ਪੂਰਾ ਕਰਦਾ ਹੈ। ਕੈਲਗਰੀ ਤੋਂ ਸਿਰਫ 20 ਮਿੰਟ ਦੀ ਦੂਰੀ ਉੱਪਰ ਪੇਂਟਿਡ ਸਕਾਈ ਪਰਿਵਾਰਾਂ ਲਈ ਡਿਜ਼ਇਨ ਕੀਤੇ ਗਏ ਵਿਸ਼ਾਲ ਘਰ ਪੇਸ਼ ਕਰਦਾ ਹੈ। ਪੇਂਟਿਡ ਸਕਾਈ ਵਿਖੇ ਜਗ੍ਹਾ,ਭਾਈਚਾਰੇ ਅਤੇ ਸਹੂਲਤਾਂ ਦੇ ਸੰਪੂਰਨ ਸੰਤੁਲਨ ਦੀ ਖੋਜ ਕਰੋ।
ਜਲਦੀ ਆ ਰਿਹਾ ਹੈ!
ਖੇਡ ਮੈਦਾਨ,ਪਰਿਵਾਰਾਂ ਲਈ ਮਜ਼ੇਦਾਰ ਜਗ੍ਹਾ ਵਾਲੀ ਪਹਿਲੀ ਕਮਿਊਨਿਟੀ
ਆਈ ਜੀ ਏ, ਡੌਲਰਮਾ,ਮੈਕਡੋਨਲਡ ਅਤੇ ਹੋਰ ਬਹੁਤ ਨਵੀਆਂ ਸਹੂਲਤਾਂ
ਤੁਹਾਡੇ ਨਵੇਂ ਘਰ ਤੋਂ ਸਾਰਾ ਕੁੱਝ ਤੁਹਾਡੀ ਪੈਦਲ ਪਹੁੰਚ ਵਿੱਚ
ਫਰੰਟ ਗੈਰਾਜ ਹੋਮਜ ਫਰੋਮ ਦੀ ਮਿੱਡ $700s
ਬੰਗਲੋਅ ਹੋਮਜ ਫਰੋਮ ਦੀ ਲੋਅ $700s
ਆਓ ਦੇਖੋ paintedskyinlangdon.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities